ਮਾਂਵਾਂ

(ਕਾਵਿ ਪੁਸਤਕ)

ਡਾ: ਬਲਵਿੰਦਰ ਸਿੰਘ ਕਾਲੀਆ

ਏਸ਼ੀਆ ਵਿਜ਼ਨ

ਸਮਰਪਿਤ

ਵਿਸ਼ਵ ਭਰ
ਦੀਆਂ
ਸਤਿਕਾਰਤ ਮਾਂਵਾਂ
ਦੇ ਨਾਂ

ਇਸੇ ਕਲਮ ਤੋਂ:

- ਜਿੰਦੇ ਮੇਰੀਏ (ਕਾਵਿ ਪੁਸਤਕ)
- ਅੱਖਰਮਾਲਾ (ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵਲੋਂ ਮਾਤਾ ਜਸਵੰਤ ਕੌਰ ਸਰਵੋਤਮ ਮੌਲਿਕ ਬਾਲ-ਪੁਸਤਕ ਪੁਰਸਕਾਰ-2012 ਜੇਤੂ ਬਾਲ ਕਾਵਿ ਪੁਸਤਕ)
- ਟਿਮਕਣੇ (ਪੰਜਾਬੀ ਪ੍ਰਵੇਸ਼ਿਕਾ ਤੋਂ ਪੰਜਵੀਂ ਸ਼੍ਰੇਣੀ ਤੱਕ ਪੰਜਾਬੀ ਪਾਠ ਪੁਸਤਕ ਲੜੀ ਦੀਆਂ ਛੇ ਪੁਸਤਕਾਂ)

ਕਾਪੀ ਰਾਈਟ ਲੇਖਕ

ਬਲਵਿੰਦਰ ਸਿੰਘ ਕਾਲੀਆ(ਡਾ:)
ਪਿੰਡ ਰਾਮਗੜ੍ਹ ਸਰਦਾਰਾਂ, ਜ਼ਿਲ੍ਹਾ ਲੁਧਿਆਣਾ।
ਮੋਬਾਇਲ : 99140-09160
ਮੌਜੂਦਾ ਰਿਹਾਇਸ਼ : ਲੁਧਿਆਣਾ।
Email: drbalwinderkalia@gmail.com

ਕੀਮਤ: 150 ਰੁਪਏ
2016

ਛਾਪਕ: ਏਸ਼ੀਆ ਵਿਜ਼ਨ
98159-45018.

ਤਤਕਰਾ

7 ਅਰਦਾਸ
8 ਬਾਬਾ ਨਾਨਕ
9 ਮਾਂਵਾਂ
11 ਮਾਂ ਦਾ ਚੇਤਾ
12 ਕੀ ਫ਼ਾਇਦਾ ਲਿਖਦੈਂ ਇਸ਼ਕਾਂ ਨੂੰ
14 ਭਾਰਤ ਮਾਂ ਦੀ ਪੁਕਾਰ
15 ਧੀਆਂ
16 ਅਣਜੰਮੀ ਧੀ ਦੀ ਪੁਕਾਰ
18 ਬੇਜ਼ੁਬਾਨ ਧੀ ਦੀ ਪੁਕਾਰ
20 ਦੇਵੀਂ ਮੈਨੂੰ ਵਿੱਦਿਆ ਪੜ੍ਹਾ
22 ਨੈਣ
26 ਪਵਨ ਗੁਰੂ, ਪਾਣੀ ਪਿਤਾ ....
27 ਰੁੱਖ ਦੀ ਪੁਕਾਰ
29 ਰੁੱਖ
31 ਕਾਕੇ ਦੀ ਕੁੰਡਲੀ
33 ਮੰਡੀ
35 ਕੀ ਕਹਾਂ ਬਾਤ....
37 ਨਵਾਂ ਸਾਲ ਸਭ ਨੂੰ ਵਧਾਈਆਂ ਮਿੱਤਰੋ
39 ਨਵੇਂ ਸਾਲ ਦਾ ਕਾਰਡ
40 ਨਵੇਂ ਸਾਲ ਦੀਆਂ ਹੋਣ ਵਧਾਈਆਂ
42 ਲੋਹੜੀ ਦਾ ਮਾਡਰਨ ਗੀਤ
44 ਲੋਹੜੀ ਕੁੜੀਆਂ ਦੀ ਖੁਸ਼ੀਆਂ ਨਾਲ਼ ਮਨਾਈਏ
46 ਲੋਹੜੀ ਦੀਆਂ ਬੋਲੀਆਂ
48 ਵਿਸਾਖੀ ਮੁਬਾਰਕ
49 ਹੋਲੀ ਹੈ.....
51 ਕਿਸਮਤ
55 ਮਾਂਏ ਨੀਂ ਮਾਂਏ
57 ਨਿੱਕੇ ਨਿੱਕੇ ਬਾਲ ਢਾਬਿਆਂ 'ਤੇ ਰੁਲ਼ਦੇ
59 ਭਲੇ ਦਿਨਾਂ ਦੀ ਆਸ
62 ਜੇ ਗੋਰਾ ਡਰਿਆ ਤਾਂ ਡਰਿਆ ਪੰਜਾਬੀ ਤੋਂ
63 ਮਾਂ ਬੋਲੀ ਪੰਜਾਬੀ ਤੈਥੋਂ ਰੁੱਸ ਨਾ ਜਾਵੇ ਨੀਂ

65 ਕੁੜੀ ਪੰਜਾਬਣ
67 ਪੰਜਾਬੀ
68 ਭੈਣ ਮੇਰੀਏ ਵੀਰਾਂ ਦੀਆਂ ਦੁਆਵਾਂ ਲੈਂਦੀ ਜਾਹ
69 ਮਾਂ – ਪੁੱਤ ਦਾ ਦੀਵਾਨ
72 ਲਾਣੇਦਾਰੀ ਮੇਰੇ ਕੋਲ਼ੇ
73 ਵਿਅੰਗ ਗੀਤ-ਗੱਠੇ
75 ਐਵੇਂ ਨਾ ਪੀਆ ਕਰ ਢੋਲਾ
78 ਕਦ ਪੈ ਜਾਣੀ ਰਾਤ
80 ਮੰਗਵੇਂ ਸਾਹਾਂ 'ਤੇ ਕਾਹਦਾ ਮਾਣ!
81 ਕੌਣ ਵੀਰਾਂ ਦਾ ਸਾਨੀ
82 ਮਨ ਦੀਆਂ ਗੱਲਾਂ
84 ਪੈਰ ਪੈਰ 'ਤੇ ਮਰਨਾ ਪੈਂਦਾ
86 ਪੈਸਾ, ਭੋਜਨ ਅਤੇ ਨਾਰੀ
91 ਰਿਟਾਇਰਮੈਂਟ ਦੇ ਰੰਗ
94 ਮੇਰਿਆ ਪੰਜਾਬਾ
96 ਪਿੰਡ ਦੀਆਂ ਮੌਜਾਂ
98 ਸਾਡਾ ਪਿੰਡ
100 ਸਾਨੂੰ ਵੀ ਲੈ ਚੱਲ ਨਾਲ਼
102 ਮੁੜਿਆ ਮਾਹੀਆ ਵਤਨ ਨੂੰ
103 ਧੀ ਹੋ ਗਈ ਘਰ ਵਿਆਹੁਣ ਵਾਲ਼ੀ
104 ਦਿਲ ਨਾ ਛੱਡੀਂ ਮੁੜ ਆਉਣੈ ਤੇਰੇ ਕੰਤ ਸੋਹਣੀਏ ਨੀਂ
105 ਸਾਨੂੰ ਕਿਹੜਾ ਖੁਸ਼ੀਆਂ ਨੇ ਮਿੱਟੀ ਛੱਡ ਵਤਨਾਂ ਦੀ
107 ਪਰਵਾਸੀ
109 ਆਪਣੇ ਔਗੁਣ ਵੇਖਣ ਜੋਗੀ ਹਿੰਮਤ ਨਈਂ
111 ਸੂਟੇ ਨਾ ਇੰਜ ਮਾਰ
112 ਆਤਮ ਹੱਤਿਆ ਕਿਸੇ ਸਮੱਸਿਆ ਦਾ ਕੋਈ ਹੱਲ ਨਹੀਂ
114 ਮਾਂਏ ਸਾਡਾ ਪੁੱਛ ਨਾ ਮੁੜ ਮੁੜ ਹਾਲ
116 ਮਾਖਿਓਂ ਮਿੱਠੀ ਮਾਂ ਬੋਲੀ ਪੰਜਾਬੀ
117 ਏਅਰਪੋਰਟ
118 ਜੈ ਜਵਾਨ – ਜੈ ਕਿਸਾਨ
119 ਲਾਇਬ੍ਰੇਰੀ
121 ਦਰਦ-ਇ-ਕਵੀ – (ਵਿਅੰਗ-ਕਾਵਿ)
124 ਮਾਂ ਬੋਲੀ ਨੂੰ ਸਲਾਮ

125 ਪੇਕੇ
126 ਲੋਕ ਤੱਥ
127 ਸਾਗਰੋਂ ਪਾਰ ਦੀ ਧਰਤੀਏ
128 ਜੱਟ ਰੇਹੜੀ ਉੱਤੇ
130 ਸ਼ਹੀਦਾਂ ਦਾ ਸੁਨੇਹਾ
132 ਜੱਟ
133 ਫੌਜੀ ਵੀਰਾਂ ਦੇ ਨਾਮ
134 ਗ਼ਜ਼ਲ
136 ਤਸਵੀਰ
137 ਨਾ ਹੱਟ ਵਿਕੇਂਦੀ ਅੱਖ ਵੇ
139 ਇਸ ਰੁੱਤੇ ਅਸੀਂ ਹੋਰ ਕੀ ਕਹਿਣਾ
141 ਵਿਗੜੇ ਹਾਲਾਤਾਂ ਦਾ ਦਰਦ
142 ਗਜ਼ਲ
143 ਸਿਰਨਾਵਾਂ
144 ਅੰਤਮ ਇੱਛਾ

ਅਰਦਾਸ

ਹਰ ਕੰਮ ਦੀ ਸ਼ੁਰੂਆਤ ਵੇਲ਼ੇ,
ਸੌਣ ਵੇਲ਼ੇ, ਪ੍ਰਭਾਤ ਵੇਲ਼ੇ।
ਤੇਰਾ ਹੀ ਨਾਮ ਧਿਆਉਂਦਾ ਹਾਂ,
ਮੇਰੇ ਸਿਰ 'ਤੇ ਰੱਖੀਂ ਹੱਥ ਦਾਤਾ,
ਮੈਂ ਤਾਂ ਬਸ ਇਹੋ ਚਾਹੁੰਦਾ ਹਾਂ।

ਨਾ ਮੰਜ਼ਿਲਾਂ ਦੇ ਰਾਹੋਂ ਡੋਲਾਂ,
ਨਾ ਮੂੰਹੋਂ ਮਾੜੇ ਬੋਲ ਬੋਲਾਂ।
ਸਦਾ ਹੱਕ ਤੇ ਸੱਚ ਦੀ ਕਿਰਤ ਕਰਾਂ,
ਸੋਚਾਂ ਨੂੰ ਨਿੱਤ ਬਦਲਾਉਂਦਾ ਹਾਂ,
ਮੇਰੇ ਸਿਰ 'ਤੇ ਰੱਖੀਂ ਹੱਥ ਦਾਤਾ,
ਮੈਂ ਤਾਂ ਬਸ ਇਹੋ ਚਾਹੁੰਦਾ ਹਾਂ।

ਮੈਂ ਪਾਪੀ, ਔਗੁਣ ਹਾਰਾ ਹਾਂ,
ਤੂੰ ਸਾਗਰ, ਮੈਂ ਕਿਨਾਰਾ ਹਾਂ।
ਨਿੱਤ ਤੇਰੀਆਂ ਛੱਲਾਂ ਤੋਂ ਡਰਦਾ,
ਮੈਂ ਆਪਣਾ ਆਪ ਬਚਾਉਂਦਾ ਹਾਂ,
ਮੇਰੇ ਸਿਰ 'ਤੇ ਰੱਖੀਂ ਹੱਥ ਦਾਤਾ।

ਮੈਥੋਂ ਮਾਣ-ਘੁਮੰਡ ਸਭ ਦੂਰ ਕਰੀਂ,
ਮੇਰੇ ਅੰਦਰ ਨਰਮੀਂ, ਪਿਆਰ ਭਰੀਂ।
ਕੁੱਝ ਚੰਗੇ ਕੰਮ ਵੀ ਲਾ ਦੇਵੀਂ,
ਜੋ ਤੇਰੇ ਹੁਕਮ ਦੇ ਨਾਲ਼ ਕਮਾਉਂਦਾ ਹਾਂ,
ਮੇਰੇ ਸਿਰ 'ਤੇ ਰੱਖੀਂ ਹੱਥ ਦਾਤਾ,
ਮੈਂ ਤਾਂ ਬਸ ਇਹੋ ਚਾਹੁੰਦਾ ਹਾਂ।

ਤੇਰੀ ਰਹਿਮਤ ਨਾਲ਼ ਤਰੱਕੀਆਂ ਨੇ,
ਤੇਰੀ ਦੀਦ ਲਈ ਅੱਖੀਆਂ ਥੱਕੀਆਂ ਨੇ।
ਮੈਂ ਬਲਵਿੰਦਰ ਤੇਰੀ ਬਖ਼ਸ਼ਿਸ਼ ਲਈ,
ਨਿੱਤ ਘੁੰਗਰੂ ਬੰਨ੍ਹ-ਬੰਨ੍ਹ ਗਾਉਂਦਾ ਹਾਂ,
ਮੇਰੇ ਸਿਰ 'ਤੇ ਰੱਖੀਂ ਹੱਥ ਦਾਤਾ.... ।

ਬਾਬਾ ਨਾਨਕ

ਇੱਕੋ ਓਂਕਾਰ ਦਾ ਦੇ ਕੇ ਨਾਅਰਾ,
ਮੋਹ ਲਿਆ ਬਾਬਾ ਤੈਂ ਜਗਤ ਹੀ ਸਾਰਾ,
ਦੁਨੀਆ ਤੋਂ ਤੇਰਾ ਧਰਮ ਨਿਆਰਾ,
ਮੈਂ ਕੀ-ਕੀ ਸਿਫਤ ਗਿਣਾਵਾਂ,
ਬਾਬਾ ਨਾਨਕਾ ਤੇਰਾ ਹੀ ਤੇਰਾ ਮੈਂ ਤਾਂ ਗਾਵਾਂ।

ਰੱਬ ਦੇ ਘਰ ਨਾ ਕੋਈ ਪਰਾਇਆ,
ਸਾਰੇ ਜੱਗ ਨੂੰ ਤੈਂ ਸਮਝਾਇਆ,
ਵਹਿਮ-ਭਰਮ ਤੈਂ ਖੂੰਜੇ ਲਾਇਆ,
ਲਾ ਕੇ ਸੱਚ-ਸਦਾਵਾਂ,
ਬਾਬਾ ਨਾਨਕਾ ਤੇਰਾ ਹੀ ਤੇਰਾ ਮੈਂ ਤਾਂ ਗਾਵਾਂ।

ਕਿਰਤ ਕਰਨ ਦਾ ਪਾਠ ਪੜ੍ਹਾ ਕੇ,
ਨਾਮ ਜਪਣ ਦੀ ਆਦਤ ਪਾ ਕੇ,
ਵੰਡ ਛਕਣ ਦੀ ਰੀਤ ਚਲਾ ਕੇ,
ਪਾਈਆਂ ਨਵੀਆਂ ਰਾਹਵਾਂ,
ਬਾਬਾ ਨਾਨਕਾ ਤੇਰਾ ਹੀ ਤੇਰਾ ਮੈਂ ਤਾਂ ਗਾਵਾਂ।

ਇੱਕੋ ਰੱਬ ਦੀ ਬਾਤ ਤੈਂ ਪਾਈ,
ਭੁੱਲੀ ਫਿਰਦੀ ਅੱਜ ਲੋਕਾਈ,
ਧਰਮ ਦਿਲਾਂ ਵਿੱਚ ਬਣ ਗਏ ਖਾਈ,
ਕੀਹਨੂੰ, ਕੀ ਸਮਝਾਵਾਂ,
ਬਾਬਾ ਨਾਨਕਾ ਤੇਰਾ ਹੀ ਤੇਰਾ ਮੈਂ ਤਾਂ ਗਾਵਾਂ।

ਇੱਕ ਵਾਰੀ ਮੁੜ ਆ ਜਾ ਬਾਬਾ,
ਜੱਗ ਸਿੱਧੇ ਰਾਹ ਪਾ ਜਾ ਬਾਬਾ,
ਰੱਬ ਦੇ ਭੇਦ ਮਿਟਾ ਜਾ ਬਾਬਾ,
ਬਹੁਤ ਵਿਲਕਦੀਆਂ ਮਾਂਵਾਂ,
ਬਾਬਾ ਨਾਨਕਾ ਤੇਰਾ ਹੀ ਤੇਰਾ ਮੈਂ ਤਾਂ ਗਾਵਾਂ।

ਮਾਂਵਾਂ

ਚੁੰਝਾਂ ਦੇ ਨਾਲ਼ ਮੂੰਹ ਵਿੱਚ ਚੋਗਾ ਪਾਉਂਦੀਆਂ ਨੇ,
ਖੁਦ ਭੁੱਖੀਆਂ ਤਾਂ ਵੀ ਆਪਣਾ ਸ਼ੀਰ ਪਿਲਾਉਂਦੀਆਂ ਨੇ,
ਕੱਫਣ ਰੱਖ ਸਿਰ੍ਹਾਣੇ ਜ਼ਿੰਦਗੀ ਬਖਸ਼ਦੀਆਂ,
ਤਾਂਹੀਓਂ ਮਾਂਵਾਂ ਰੱਬ ਦਾ ਰੂਪ ਕਹਾਉਂਦੀਆਂ ਨੇ।

ਅੱਖ ਦੁਖੇ ਬੱਚਿਆਂ ਦੀ, ਰੜਕਾਂ ਝੱਲਦੀਆਂ,
ਬੱਚੇ ਸੁੱਕੀ ਥਾਂ, ਖੁਦ ਗਿੱਲੀ ਮੱਲਦੀਆਂ,
ਧੁੱਪੇਂ, ਠੰਢੇਂ ਪੱਲੂ ਨਾਲ਼ ਬਚਾਉਂਦੀਆਂ ਨੇ,
ਤਾਂਹੀਓਂ ਮਾਂਵਾਂ ਰੱਬ ਦਾ ਰੂਪ ਕਹਾਉਂਦੀਆਂ ਨੇ।

ਮਾਂ ਲਈ ਆਪਣੇ ਬੱਚੇ ਇੱਕ ਸਮਾਨ ਹੁੰਦੇ,
ਕੁੜੀਆਂ ਭਾਵੇਂ ਮੁੰਡੇ, ਉਹਦੀ ਜਾਨ ਹੁੰਦੇ,
ਬਿਨਾਂ ਵਿਤਕਰੇ ਆਪਣਾ ਆਪ ਲੁਟਾਉਂਦੀਆਂ ਨੇ,
ਤਾਂਹੀਓਂ ਮਾਂਵਾਂ ਰੱਬ ਦਾ ਰੂਪ ਕਹਾਉਂਦੀਆਂ ਨੇ।

ਬੱਚਿਆਂ ਦੀ ਸੁੱਖ ਮੰਗਦੀਆਂ ਮੰਗਦੀਆਂ ਮੁੱਕ ਜਾਵਣ,
ਬੱਚਿਆਂ ਦਾ ਰਾਹ ਤੱਕਦੀਆਂ ਤੱਕਦੀਆਂ ਸੁੱਕ ਜਾਵਣ,
ਬਿਨਾਂ ਸੁਆਰਥ, ਸ਼ਰਤਾਂ ਫਰਜ਼ ਨਿਭਾਉਂਦੀਆਂ ਨੇ,
ਤਾਂਹੀਓਂ ਮਾਂਵਾਂ ਰੱਬ ਦਾ ਰੂਪ ਕਹਾਉਂਦੀਆਂ ਨੇ।

ਲੋਕੀ ਭਾਵੇਂ ਗੱਭਰੂ, ਬਾਬੇ ਕਹਿੰਦੇ ਨੇ,
ਪਰ ਮਾਂ ਲਈ ਬੱਚੇ ਸਦਾ ਨਿਆਣੇ ਰਹਿੰਦੇ ਨੇ,
ਮਰਦੇ ਦਮ ਤੱਕ ਜੀਵਨ ਜਾਚ ਸਿਖਾਉਂਦੀਆਂ ਨੇ,
ਤਾਂਹੀਓਂ ਮਾਂਵਾਂ ਰੱਬ ਦਾ ਰੂਪ ਕਹਾਉਂਦੀਆਂ ਨੇ।

ਦੇਣ ਮਾਂਵਾਂ ਦੀ ਬੱਚਿਆਂ ਤੋਂ ਦੇ ਹੋਵੇ ਨਾ,
ਆਖੇ ਰੱਬ ਨੂੰ ਮਾਂ ਬੱਚਿਆਂ ਤੋਂ ਖੋਹਵੇ ਨਾ,
ਮਾਂਵਾਂ ਹੀ ਤਾਂ ਰੋਂਦਿਆਂ ਤਾਂਈਂ ਵਰਾਉਂਦੀਆਂ ਨੇ,
ਤਾਂਹੀਓਂ ਮਾਂਵਾਂ ਰੱਬ ਦਾ ਰੂਪ ਕਹਾਉਂਦੀਆਂ ਨੇ।

ਗੋਦੀ ਚੁੱਕ ਜਦ ਲੋਰੀਆਂ ਮਾਂ ਸੁਣਾਉਂਦੀ ਹੈ,
ਰੱਬ ਨੂੰ ਵੀ ਉਦੋਂ, ਯਾਦ ਅੰਮੀ ਦੀ ਆਉਂਦੀ ਹੈ,
ਦੁੱਖ ਬਲਵਿੰਦਰਾ ਤਨ-ਮਨ ਬੜਾ ਹੰਢਾਉਂਦੀਆਂ ਨੇ,
ਤਾਂਹੀਓਂ ਮਾਂਵਾਂ ਰੱਬ ਦਾ ਰੂਪ ਕਹਾਉਂਦੀਆਂ ਨੇ।

ਮਾਂ ਦਾ ਚੇਤਾ

ਦੁੱਖ ਜਦ ਕੋਈ ਤਨ 'ਤੇ ਆਉਂਦਾ ਹੈ,
ਅਹਿਸਾਸਾਂ ਵਿਚ ਮਨ ਰੋਂਦਾ ਹੈ,
ਜਦ ਸੁਪਨਾ ਕੋਈ ਡਰਾਉਂਦਾ ਹੈ, ਫਿਰ ਇਹੋ ਜਿਹੇ ਵੇਲ਼ੇ,
ਸੱਚੀਂ ਮਾਂ ਦਾ ਚੇਤਾ ਆਉਂਦਾ ਹੈ, ਫਿਰ ਇਹੋ ਜਿਹੇ ਵੇਲ਼ੇ।

ਜਦੋਂ ਸਕੂਲੋਂ ਪੜ੍ਹ ਕੋਈ ਬੱਚਾ, ਘਰ ਆਪਣੇ ਵੱਲ ਆਵੇ,
ਰਸਤੇ ਦੇ ਵਿਚ ਗੱਡੀ ਦਾ ਜੇ ਟਾਇਰ ਪੈਂਚਰ ਹੋ ਜਾਵੇ,
ਅੱਗੋਂ ਡਰਾਇਵਰ ਦੋ ਘੰਟੇ ਲਈ ਰੁਕਣ ਲਈ ਫਰਮਾਵੇ,
ਫਿਰ ਇਹੋ ਜਿਹੇ ਵੇਲ਼ੇ,
ਸੱਚੀਂ ਮਾਂ ਦਾ ਚੇਤਾ ਆਉਂਦਾ ਹੈ, ਫਿਰ ਇਹੋ ਜਿਹੇ ਵੇਲ਼ੇ।

ਹੋਸਟਲ ਦੇ ਵਿਚ ਸੁਬ੍ਹਾ-ਸਵੇਰੇ ਜਦੋਂ ਅਲਾਰਮ ਵੱਜਦਾ,
ਮੈੱਸ ਦੀਆਂ ਕੱਚੀਆਂ-ਪੱਕੀਆਂ ਖਾ ਕੇ ਕੋਈ ਜਦੋਂ ਨਾ ਰੱਜਦਾ,
ਪੋਹ-ਮਾਘ ਵਿਚ ਦੇ ਰਜਾਈ ਜਦੋਂ ਨਾ ਕੋਈ ਕੱਜਦਾ,
ਫਿਰ ਇਹੋ ਜਿਹੇ ਵੇਲ਼ੇ,
ਸੱਚੀਂ ਮਾਂ ਦਾ ਚੇਤਾ ਆਉਂਦਾ ਹੈ, ਫਿਰ ਇਹੋ ਜਿਹੇ ਵੇਲ਼ੇ।

ਜਦੋਂ ਗ੍ਰਹਿਸਥੀ ਦੇ ਵਿਚ ਬੰਦਾ ਪੈਂਦਾ ਕੋਹਲੂ ਗੇੜੇ,
ਜਦੋਂ ਰਸੋਈ ਦੇ ਵਿਚ ਖੜ੍ਹਕੇ ਕਰਨੇ ਪੈਂਦੇ ਪੇੜੇ,
ਘਰ ਦੇ ਵਿਚ ਜਦ ਨਾਲ਼ ਬੀਵੀ ਨਾ ਮੁੱਕਦੇ ਝਗੜੇ-ਝੇੜੇ,
ਫਿਰ ਇਹੋ ਜਿਹੇ ਵੇਲ਼ੇ,
ਸੱਚੀਂ ਮਾਂ ਦਾ ਚੇਤਾ ਆਉਂਦਾ ਹੈ, ਫਿਰ ਇਹੋ ਜਿਹੇ ਵੇਲ਼ੇ।

ਜਦ ਕਬਰਾਂ ਦੇ ਰਾਹੋਂ ਉੱਡਦੀ ਧੂੜ ਨਜ਼ਰ ਕੋਈ ਆਵੇ,
ਜਾਂ ਕੋਈ ਮਾਂ ਦੀ ਲਾਸ਼ ਕੋਲ਼ ਬਹਿ ਜਦੋਂ ਕੀਰਨੇ ਪਾਵੇ,
ਜਦ ਕੋਈ ਬੁੱਢੀ ਮਾਤਾ ਪਿਆਰ ਨਾਲ਼ ਪੁੱਤਰਾ ਆਖ ਬੁਲਾਵੇ,
ਫਿਰ ਇਹੋ ਜਿਹੇ ਵੇਲ਼ੇ,
ਸੱਚੀਂ ਮਾਂ ਦਾ ਚੇਤਾ ਆਉਂਦਾ ਹੈ, ਫਿਰ ਇਹੋ ਜਿਹੇ ਵੇਲ਼ੇ।

ਕੀ ਫ਼ਾਇਦਾ ਲਿਖਦੈਂ ਇਸ਼ਕਾਂ ਨੂੰ

ਕੀ ਫ਼ਾਇਦਾ ਲਿਖਦੈਂ ਇਸ਼ਕਾਂ ਨੂੰ,
ਕਦੀ ਜ਼ੁਲਮਾਂ ਦੀ ਗੱਲ ਕਰਿਆ ਕਰ,
ਹਰ ਵੇਲ਼ੇ ਰਹਿਣਾ ਮਸਤੀ ਵਿੱਚ,
ਕਦੀ ਫ਼ਿਕਰ ਦਾ ਪੱਲਾ ਫੜਿਆ ਕਰ,
ਕੀ ਫ਼ਾਇਦਾ ਲਿਖਦੈਂ ....

ਜੋ ਧੀਆਂ ਲੁੱਟੀਆਂ ਦਾਜਾਂ ਨੇ,
ਉਹ ਦੇਸ਼ ਤੇਰੇ ਦੀਆਂ ਜਾਈਆਂ ਨੇ,
ਜੋ ਵਿਧਵਾ ਕੀਤੀਆਂ ਦੰਗਿਆਂ ਨੇ,
ਉਹ ਵੀ ਤੇਰੀਆਂ ਚਾਚੀਆਂ ਤਾਈਆਂ ਨੇ।
ਜਿਹੜੇ ਮਾਂ ਤੇ ਬਾਪ ਤੋਂ ਸੱਖਣੇ ਨੇ,
ਕਦੀ ਬਾਂਹ ਉਹਨਾਂ ਦੀ ਫੜਿਆ ਕਰ,
ਕੀ ਫ਼ਾਇਦਾ ਲਿਖਦੈਂ ....

ਕਦੀ ਤੱਕਿਆ ਕਰ ਉਨ੍ਹਾਂ ਲੋਕਾਂ ਨੂੰ,
ਜਿਹੜੇ ਸੜਕ 'ਤੇ ਪੱਥਰ ਕੁੱਟਦੇ ਨੇ,
ਕਰ ਨੰਗਿਆਂ ਠੇਕੇਦਾਰਾਂ ਨੂੰ,
ਜਿਹੜੇ ਮਜ਼ਲੂਮਾਂ ਨੂੰ ਲੁੱਟਦੇ ਨੇ।
ਹਰ ਵੇਲ਼ੇ ਘੁੰਮਦਾਂ ਮਹਿਲਾਂ ਵਿੱਚ,
ਕਦੀ ਝੁੱਗੀਆਂ ਵਿੱਚ ਵੀ ਵੜਿਆ ਕਰ,
ਕੀ ਫ਼ਾਇਦਾ ਲਿਖਦੈਂ ....

ਤੱਕ ਜਾਂਦੇ ਲਾਲ ਅਮੀਰਾਂ ਦੇ,
ਤੂੰ ਸਿਫਤਾਂ ਕਰਦਾ ਥੱਕਦਾ ਨਈਂ,
ਜਿਥੇ ਰੁਲ਼ਦੇ ਬਾਲ ਗਰੀਬਾਂ ਦੇ,
ਤੂੰ ਉਹਨਾਂ ਦੇ ਵੱਲ ਤੱਕਦਾ ਨਈਂ।
ਹਰ ਵੇਲ਼ੇ ਰਹਿਣੈ ਅੰਬਰਾਂ ਵਿੱਚ,
ਕਦੇ ਪੱਬ ਧਰਤੀ 'ਤੇ ਧਰਿਆ ਕਰ,
ਕੀ ਫ਼ਾਇਦਾ ਲਿਖਦੈਂ ....

ਕਦੇ ਲਿਖ ਉਨ੍ਹਾਂ ਮਜਬੂਰਾਂ ਲਈ,
ਜੋ ਮਹਿਲੀਂ ਅੰਨ ਪਕਾਉਂਦੇ ਨੇ,
ਕੁੱਝ ਬੁਨਣ ਗਲੀਚੇ, ਦਰੀਆਂ ਤੇ
ਕੁੱਝ ਸ਼ਹਿਰੀਂ ਬਾਲ ਖਿਡਾਉਂਦੇ ਨੇ।
ਕੁੱਝ ਇਹ ਵੀ ਰੀਝਾਂ ਰੱਖਦੇ ਨੇ,
ਕਦੇ ਦਿਲ ਇਹਨਾਂ ਦਾ ਪੜ੍ਹਿਆ ਕਰ,
ਕੀ ਫ਼ਾਇਦਾ ਲਿਖਦੈਂ ....

ਕੁੱਝ ਭੁੱਖ ਦੇ ਮਾਰੇ ਰੋਂਦੇ ਨੇ,
ਕੁੱਝ ਫ਼ੁੱਟ-ਪਾਥਾਂ 'ਤੇ ਸੋਂਦੇ ਨੇ,
ਨੈਣਾਂ ਤੋਂ ਸੱਖਣੇ ਰੋਟੀ ਲਈ,
ਕੁੱਝ ਮੰਗਤੇ ਬਣ ਕੇ ਗਾਉਂਦੇ ਨੇ।
ਕੁੱਝ ਦੋਸ਼ ਹਕੂਮਤਾਂ ਵਿੱਚ ਵੀ ਨੇ,
ਨਾ ਦੋਸ਼ ਇਹਨਾਂ 'ਤੇ ਮੜ੍ਹਿਆ ਕਰ,
ਕੀ ਫ਼ਾਇਦਾ ਲਿਖਦੈਂ ....

ਅੱਜ ਸਾਡੇ ਰਾਖੇ ਸਾਨੂੰ ਹੀ,
ਪਏ ਦੋਵੇਂ ਹੱਥੀਂ ਲੁੱਟਦੇ ਨੇ,
ਉਹ ਖੁਦ ਤਾਂ ਭਾਈ-ਭਾਈ ਨੇ,
ਪਰ ਸਾਡੇ ਰਿਸ਼ਤੇ ਟੁੱਟਦੇ ਨੇ।
ਸੱਚ ਨੂੰ ਤਾਂ ਸੱਚ ਹੀ ਕਹਿੰਦਾ ਰਹਿ,
ਐਵੇਂ ਨਾ ਬਹੁਤਾ ਡਰਿਆ ਕਰ,
ਕੀ ਫ਼ਾਇਦਾ ਲਿਖਦੈਂ ....

ਭਾਰਤ ਮਾਂ ਦੀ ਪੁਕਾਰ

ਲਿਖ ਵੇ ਕਵੀਆ ਗੀਤ ਕੋਈ ਮੇਰੀ ਦਰਦ ਕਹਾਣੀ ਦਾ,
ਮੈਂ ਭਾਰਤ ਦੀ ਜਣਨੀ ਵੇ, ਇਸ ਧਰਤ ਨਿਮਾਣੀ ਦਾ।

ਮੈਨੂੰ ਛੋਹ ਨਾਨਕ, ਹਜ਼ਰਤ ਤੇ ਗੋਤਮ ਸਵਾਮੀ ਦੀ,
ਯਸੂ, ਰਾਮ ਤੇ ਗੁਰੂ ਗੋਬਿੰਦ ਸਿੰਘ ਸਰਬੰਸ ਦਾਨੀ ਦੀ,
ਆਉਂਦਾ ਬੜਾ ਹੈ ਚੇਤਾ, ਉਹ ਝਾਂਸੀ ਦੀ ਰਾਣੀ ਦਾ,
ਲਿਖ ਵੇ ਕਵੀਆ ਗੀਤ ਕੋਈ.....

ਮੇਰੀ ਕੁੱਖ ਨੇ ਭਗਤ, ਸਰਾਭੇ, ਊਧਮ ਜਾਏ ਨੇ,
ਮੇਰੇ ਪੁੱਤਰਾਂ ਅੰਗਰੇਜ਼ਾਂ ਨੂੰ ਸਬਕ ਸਿਖਾਏ ਨੇ।
ਕਿੱਦਾਂ 'ਤਾਰਾਂ ਮੁੱਲ ਮੈਂ ਉਨ੍ਹਾਂ ਦੀ ਕੁਰਬਾਨੀ ਦਾ,
ਲਿਖ ਵੇ ਕਵੀਆ ਗੀਤ ਕੋਈ.....

ਅੱਜ ਮੈਂ ਕੌਮਾਂ-ਮਜ਼ਬਾਂ ਦੇ ਦੰਗਲ ਵਿੱਚ ਫਸ ਗਈ ਹਾਂ,
ਭਾਸ਼ਾ,ਧਰਮਾਂ, ਰੰਗਾਂ ਦੀ ਦਲ-ਦਲ ਵਿੱਚ ਧਸ ਗਈ ਹਾਂ।
ਕਾਤਿਲ ਹੈ ਵਿਗਿਆਨ ਮੇਰੀ ਅਣਜੰਮੀ ਰਾਣੀ ਦਾ,
ਲਿਖ ਵੇ ਕਵੀਆ ਗੀਤ ਕੋਈ.....

ਰਿਸ਼ਵਤ-ਖੋਰੀ, ਅਪਰਾਧਾਂ ਵਿੱਚ ਮੈਂ ਹੁਣ ਬਹਿਨੀ ਆਂ,
ਤੋਪਾਂ, ਖੇਡਾਂ, 2-ਜੀ ਵਰਗੇ ਕਾਂਡ ਮੈਂ ਸਹਿਣੀ ਆਂ।
ਨਸ਼ਿਆਂ ਦੇ ਵਿੱਚ ਵਹਿ ਗਿਆ ਮੇਰਾ ਹੁਸਨ ਜਵਾਨੀ ਦਾ,
ਲਿਖ ਵੇ ਕਵੀਆ ਗੀਤ ਕੋਈ.....

ਨੈਤਿਕਤਾ ਦੀਆਂ ਗੱਲਾਂ ਡਿਸ਼ ਐਨਟੀਨੇ ਖਾ ਲਈਆਂ,
ਲੱਚਰ ਅਤੇ ਨੰਗੇਜ਼ ਮੈਂ ਆਪਣੀ ਝੋਲ਼ੀ ਪਾ ਲਈਆਂ।
ਕਿਹੜਾ ਆ ਸੁਲਝਾਵੇ, ਸੂਤ ਮੇਰੀ ਉਲਝੀ ਤਾਣੀ ਦਾ,
ਲਿਖ ਵੇ ਕਵੀਆ ਗੀਤ ਕੋਈ.....

ਲੱਗਦੈ ਮੇਰੀ ਹੋਂਦ ਵੀ ਹੁਣ ਖਤਰੇ ਤੋਂ ਖਾਲੀ ਨਈਂ,
ਲੱਗਦੈ ਮੇਰੇ ਬਾਗਾਂ ਦਾ ਹੁਣ ਕੋਈ ਵੀ ਮਾਲੀ ਨਈਂ।
ਰੰਗ ਬਦਲ ਗਿਆ ਲੱਗਦਾ ਹੁਣ ਗੰਗਾ ਦੇ ਪਾਣੀ ਦਾ,
ਲਿਖ ਵੇ ਕਵੀਆ ਗੀਤ ਕੋਈ.....

ਧੀਆਂ

ਧੀਆਂ ਧਨ ਸੰਸਾਰ ਦਾ, ਵਿਰਸੇ ਦੀ ਪਹਿਚਾਣ,
ਧੀਆਂ ਨਾਲ਼ ਹੀ ਚੱਲਦਾ, ਸਾਰਾ ਕੁੱਲ ਜਹਾਨ।

ਧੀਆਂ ਧਰਤੀ ਭਾਰ ਨਈਂ, ਧੀਆਂ ਧਰਤ-ਸੰਭਾਲ,
ਧੀਆਂ ਕਰਕੇ ਵਿਗਸਦੇ, ਘਰ-ਘਰ ਦੇ ਵਿੱਚ ਬਾਲ।

ਧੀਆਂ ਦਾਜ ਨਾ ਮੰਗਦੀਆਂ, ਨਾ ਜਾਇਦਾਦ ਦੀ ਵੰਡ,
ਬਸ ਇਹਨਾਂ ਨੂੰ ਦੇ ਦਿਓ, ਅੱਖਰ-ਗਿਆਨ ਦੀ ਪੰਡ।

ਧੀਆਂ ਅਫ਼ਸਰ ਬਣਗੀਆਂ, ਨੇਤਾ, ਪਹਿਰੇਦਾਰ,
ਹਰ ਖੇਤਰ ਹੀ ਕਰਦੀਆਂ, ਹੁਣ ਇਹ ਕਾਰ-ਵਿਹਾਰ।

ਧੀਆਂ ਮਹਿਕਾਂ ਵੰਡਦੀਆਂ, ਜਿਓਂ ਕੋਈ ਫੁੱਲ ਗੁਲਾਬ,
ਹਸਦੇ ਚਿਹਰੇ ਲੱਗਦੇ, ਜਿਓਂ ਹੱਸਦਾ ਪੰਜਾਬ।

ਧੀਆਂ ਸਮਝਣ ਲਾਉਂਦੀਆਂ ਅਹਿਸਾਸਾਂ ਦੇ ਲੇਖ,
ਹਰ ਧੀ, ਧੀ ਸਮਾਨ ਹੈ, ਸਭ ਨੂੰ ਸਮ-ਕਰ ਦੇਖ।

ਧੀਆਂ ਮੂਰਤ ਪਿਆਰ ਦੀ, ਮਮਤਾ, ਮੇਲ-ਮਿਲਾਪ,
ਧੀਆਂ ਕੁੱਖ ਵਿੱਚ ਮਾਰ ਕੇ, ਨਾ ਕਰ ਬਾਬਲ ਪਾਪ।

ਧੀਆਂ ਕੁੱਝ ਨਾ ਮੰਗਦੀਆਂ, ਬਸ ਥੋੜ੍ਹਾ ਅਧਿਕਾਰ,
ਸਾਡੇ ਹਿੱਸੇ ਵਾਲੜਾ, (ਸਾਨੂੰ) ਵੇਖਣ ਦਿਓ ਸੰਸਾਰ।

ਧੀਏ ਜੋਬਨ-ਮੱਤੀਏ, ਜੋਬਨ ਰੁੱਤ ਸੰਭਾਲ,
ਖੋਜ ਨਵੇਂ ਸੰਸਾਰ ਤੂੰ, ਗਾਹ ਅੰਬਰ-ਪਤਾਲ।

ਧੀਏ ਤੇਰੀ ਪੱਤ ਵਿੱਚ ਬਾਪ-ਵੀਰੇ ਦੀ ਜਾਨ,
ਉੱਚੀਆਂ ਮਾਰ ਉਡਾਰੀਆਂ, ਤੋੜੀਂ ਨਾ ਕਦੇ ਮਾਣ।

ਅਣਜੰਮੀ ਧੀ ਦੀ ਪੁਕਾਰ

ਮੈਂ ਵੀ ਜੱਗ ਵੇਖਣਾ ਚਾਹਵਾਂ,
ਜੱਗ 'ਤੇ ਰੱਬ ਵਰਗੀਆਂ ਮਾਂਵਾਂ,
ਬਣ ਕੇ ਧੀਆਂ ਦਾ ਸਿਰਨਾਵਾਂ,
ਮੈਂ ਵੀ ਮਾਂ ਬਣਨਾ ਚਾਹੁੰਨੀ ਆਂ,
ਨਾ ਮਾਰੀਂ ਨਾ ਮਾਰੀਂ ਮੈਂ ਤੇਰੇ ਅੱਗੇ ਤਰਲੇ ਪਾਉਨੀ ਆਂ।

ਬਣ ਕੇ ਰਹੂੰ ਮੈਂ ਬੀਬੀ ਰਾਣੀ,
ਭਰਦੀ ਰਹੂੰ ਮੈਂ ਤੇਰਾ ਪਾਣੀ,
ਬਣਕੇ ਨਵੇਂ ਸਮੇਂ ਦੀ ਹਾਣੀ,
ਮੈਂ ਤਾਰੇ ਫੜਨਾ ਚਾਹੁੰਨੀ ਆਂ,
ਨਾ ਮਾਰੀਂ ਨਾ ਮਾਰੀਂ ਮੈਂ ਤੇਰੇ ਅੱਗੇ ਤਰਲੇ ਪਾਉਨੀ ਆਂ।

ਦਾਜਾਂ ਵਾਲ਼ੇ ਝਗੜੇ-ਝੇੜੇ,
ਮੇਰੇ ਆ ਨਾ ਸਕਣੇ ਨੇੜੇ,
ਪੱਛਮੀ ਸੋਚ ਵੜੂ ਨਾ ਵਿਹੜੇ,
ਮੈਂ ਸੱਚ ਲਈ ਲੜਨਾ ਚਾਹੁੰਨੀ ਆਂ,
ਨਾ ਮਾਰੀਂ ਨਾ ਮਾਰੀਂ ਮੈਂ ਤੇਰੇ ਅੱਗੇ ਤਰਲੇ ਪਾਉਨੀ ਆਂ।

ਪੁੱਤਰਾਂ ਵਾਂਗ ਕਮਾਈਆਂ ਕਰਕੇ,
ਸੱਚ ਲਈ ਸੀਸ ਤਲੀ 'ਤੇ ਧਰਕੇ,
ਦੀਦੀ ਕਲਪਨਾ ਵਾਂਗੂ ਪੜ੍ਹ ਕੇ,
ਮੈਂ ਅੰਬਰੀਂ ਚੜ੍ਹਨਾ ਚਾਹੁੰਨੀ ਆਂ,
ਨਾ ਮਾਰੀਂ ਨਾ ਮਾਰੀਂ ਮੈਂ ਤੇਰੇ ਅੱਗੇ ਤਰਲੇ ਪਾਉਨੀ ਆਂ।

ਪਾਊਂ ਬਾਬਲ ਨੂੰ ਗਲਵੱਕੜੀ,
ਬੰਨ੍ਹੂੰ ਵੀਰ ਦੇ ਗੁੱਟ 'ਤੇ ਰੱਖੜੀ,
ਕੰਮ ਕਰੂੰ ਮੈਂ ਹੋ ਕੇ ਤਕੜੀ,
ਮੈਂ ਸਭ ਦੀ ਸੁੱਖ ਮਨਾਉਣੀ ਆਂ,
ਨਾ ਮਾਰੀਂ ਨਾ ਮਾਰੀਂ ਮੈਂ ਤੇਰੇ ਅੱਗੇ ਤਰਲੇ ਪਾਉਨੀ ਆਂ।

ਜੇ ਅੱਜ ਤੂੰ ਅਰਜ਼ ਨਾ ਮੰਨੀ ਮੇਰੀ,
ਰੋਂਦੀ ਰਹੂ ਆਤਮਾ ਤੇਰੀ,
ਫੜ ਲੈ ਬਾਂਹ ਅੰਮੜੀਏ ਮੇਰੀ,
ਮੈਂ ਤਪਦੀ ਠਰਨਾ ਚਾਹੁੰਨੀ ਆਂ,
ਨਾ ਮਾਰੀਂ ਨਾ ਮਾਰੀਂ ਮੈਂ ਤੇਰੇ ਅੱਗੇ ਤਰਲੇ ਪਾਉਨੀ ਆਂ।

ਬੇਜ਼ੁਬਾਨ ਧੀ ਦੀ ਪੁਕਾਰ

ਸੁਣ ਨੀਂ ਮਾਂਏ ਸੋਚੀਂ ਡੁੱਬੀਏ,
ਨਾ ਮਾਰ ਮੁਕਾਈਂ ਮੈਨੂੰ ਹੂ।

ਤੇਰੇ ਬਿਨ ਮੇਰਾ ਕੌਣ ਸਹਾਰਾ,
ਮੈਂ ਆਖ ਸੁਣਾਵਾਂ ਕੀਹਨੂੰ ਹੂ।

ਮਮਤਾ ਤੇਰੀ ਰੱਬ ਤੋਂ ਵੱਡੀ,
ਤਾਂਹੀਓਂ ਮਾਂ ਕਹੇ ਰੱਬ ਤੈਨੂੰ ਹੂ।

ਕਰ ਖ਼ੂਨ ਦੀ ਸੇਂਜੀ ਪਾ ਖਾਦ ਸਾਹਾਂ ਦੀ,
ਫਿਰ ਸ਼ੀਰ ਚੁੰਘਾਉਂਣਾ ਤੈਂ ਮੈਨੂੰ ਹੂ।

ਵੇਖ ਨਾ ਕਾਰਜ ਕਾਲਖ ਵਾਲ਼ੇ,
ਤੂੰ ਤੱਕ ਅਸਮਾਨੀਂ ਮੈਨੂੰ ਹੂ।

ਲੋਰੀਆਂ, ਘੋੜੀਆਂ, ਟੱਪੇ ਤੇ ਮਾਹੀਏ,
ਸਭ ਤੈਂ ਸਿਖਾਉਣੇ ਮੈਨੂੰ ਹੂ।

ਦੇ ਸਮਝ, ਅਕਲ ਤੇ ਗਿਆਨ ਦਾ ਚਾਨਣ,
ਤੈਂ ਰੁਸ਼ਨਾਉਣਾ ਮੈਨੂੰ ਹੂ।

ਮੈਂ ਉੱਚੀਆਂ ਪਾਊਂ ਮੰਜ਼ਿਲਾਂ ਮਾਂਏ,
ਕੋਈ ਸ਼ਿਕਵਾ ਰਹੂ ਨਾ ਤੈਨੂੰ ਹੂ।

ਬਾਬਲ ਧਰਮੀ ਧਰਮ ਕਮਾਉਣਾ,
ਪਾ ਡੋਲੀ ਵਿੱਚ ਮੈਨੂੰ ਹੂ।

ਉਮਰ ਸਾਰੀ ਤੇਰੇ ਦਰਦ ਵੰਡਾਊਂ,
ਨਾ ਦੂਰ ਗਿਣੀ ਤੂੰ ਮੈਨੂੰ ਹੂ।

ਵਿਰਸੇ ਦਾ ਮੈਂ ਲਾ-ਲਾ ਵਟਣਾ,
ਯਾਦ ਕਰੂੰ ਫਿਰ ਤੈਨੂੰ ਹੂ।

ਇੱਕ ਦਿਨ ਮੇਰੇ ਵਰਗੀ ਧੀ ਵੀ,
ਮਾਂ ਕਹੂਗੀ ਮੈਨੂੰ ਹੂ।

ਸੁਣ ਨੀਂ ਮਾਂਏ ਸੋਚੀਂ ਡੁੱਬੀਏ,
ਨਾ ਮਾਰ ਮੁਕਾਈਂ ਮੈਨੂੰ ਹੂ।

ਦੇਵੀਂ ਮੈਨੂੰ ਵਿੱਦਿਆ ਪੜ੍ਹਾ

ਦੇਵੀਂ ਨਾ ਨੀਂ ਮਾਂਏ ਮੇਰੇ ਵਿਆਹ ਦੇ ਵਿੱਚ ਦਾਜ ਭਾਵੇਂ,
ਦੇਵੀਂ ਮੈਨੂੰ ਵਿੱਦਿਆ ਪੜ੍ਹਾ।
ਰਵੇ ਨਾ ਨੀਂ ਜਿੰਦ ਮੇਰੀ ਕਿਸੇ ਦੇ ਸਹਾਰੇ,
ਮੈਨੂੰ ਇਹੋ ਜਿਹਾ ਚੱਜ ਕੋਈ ਸਿਖਾ,
ਦੇਵੀਂ ਨਾ ਨੀਂ ਮਾਂਏ.....।

ਅੱਖਰਾਂ ਦਾ ਗਿਆਨ ਪਾ ਕੇ ਸਿੱਖਲਾਂਗੀ ਅੰਮੀਏ ਮੈਂ,
ਹੁੰਦੇ ਕਿਵੇਂ ਜ਼ਿੰਦਗੀ ਦੇ ਕੰਮ ਨੀਂ,
ਅਕਲਾਂ ਦੇ ਮੁੱਲ ਪੈਂਦੇ ਏਸ ਨੀਂ ਜਹਾਨ ਉੱਤੇ,
ਵੇਖਦਾ ਨਾ ਮਾਂਏ ਕੋਈ ਚੰਮ ਨੀਂ।
ਸੂਈ ਅਤੇ ਧਾਗਾ ਰੱਖ ਸਾਂਭ ਕੇ ਮਾਂ ਕੋਠੀ,
ਮੈਨੂੰ ਪੋਨ ਅਤੇ ਕਾਪੀਆਂ ਫੜਾ,
ਦੇਵੀਂ ਨਾ ਨੀਂ ਮਾਂਏ.....।

ਲੋਕਾਂ ਦੀਆਂ ਚਾਲਾਂ ਨੂੰ ਮੈਂ ਭਾਂਪ ਸਕਾਂ ਅੰਮੀਏ ਨੀਂ,
ਸਿੱਖ ਲਵਾਂ ਇਹੋ ਜਿਹੇ ਢੰਗ ਨੀਂ,
ਸਿੱਖ ਲਵਾਂ ਦੁੱਖ-ਸੁੱਖ ਵੰਡਣੇ ਵੰਡਾਉਣੇ,
ਕਿਤੇ ਲੈ ਨਾ ਬੈਠੇ ਮੈਨੂੰ ਮੇਰੀ ਸੰਗ ਨੀਂ।
ਲਾਹ ਸੁੱਟਾਂ ਪਰਦਾ ਇਹ ਭਰਮਾਂ ਤੇ ਵਹਿਮਾਂ ਵਾਲਾ,
ਲਵਾਂ ਸੋਚ ਨਵੀਂ ਅਪਣਾ,
ਦੇਵੀਂ ਨਾ ਨੀਂ ਮਾਂਏ.....।

ਪਾਵੀਂ ਸੂਹਾ-ਚੂੜਾ ਮੇਰੀ ਬਾਂਹਵਾਂ ਵਿੱਚ ਅੰਮੀਏ ਨਾ,
ਦੇਵੀਂ ਹੱਥ ਮੇਰੇ ਤਲਵਾਰ ਨੀਂ,
ਦੱਸੀਂ ਮੈਨੂੰ ਜ਼ੁਲਮਾਂ ਦੇ ਵਾਰਸ ਨੇ ਕਿਹੜੇ,
ਨੀਂ ਮੈ ਗਿਣ-ਗਿਣ ਕਰਨੇ ਆਂ ਵਾਰ ਨੀਂ,
ਰੱਖੀਂ ਨਾ ਨੀਂ ਮਹਿੰਦੀ ਮੇਰੀ ਸ਼ਗਨ ਪਟਾਰੀ ਵਿੱਚ,
ਆਪੇ ਹੱਥ ਲੈਣੇ ਮੈਂ ਰੰਗਾ,
ਦੇਵੀਂ ਨਾ ਨੀਂ ਮਾਂਏ.....।

ਦੱਸਾਂਗੀ ਮੈਂ ਲੋਕਾਂ ਤਾਈਂ ਫਟਦੇ ਸਟੋਵ ਕਿਵੇਂ,
ਦੁੱਧ ਵਿੱਚ ਪੈਂਦੀ ਕਿਵੇਂ ਜ਼ਹਿਰ ਨੀਂ,
ਸਹੁਰੇ ਘਰ ਵਿੱਚ ਮਾਂਏ ਧੀਆਂ ਨੀਂ ਗਰੀਬਾਂ ਦੀਆਂ,
ਝੱਲਦੀਆਂ ਦੱਸੂੰ ਕਿਵੇਂ ਕਹਿਰ ਨੀਂ।
ਕਿੱਦਾਂ ਨੀਂ ਕਾਨੂੰਨ ਦੇ ਸਹਾਰੇ ਇਨ੍ਹਾਂ ਜ਼ਾਲਮਾਂ ਨੂੰ,
ਦੇਈਦਾ ਏ ਜੇਲ੍ਹ 'ਚ ਪੁਚਾ, ਦੇਵੀਂ ਨਾ ਨੀਂ ਮਾਂਏ.....।

ਜੁੱਗੋ ਜੁੱਗ ਵਸਣ ਉਹ ਪਿੰਡ ਵਾਲ਼ੇ ਲੋਕ ਮਾਂਏ,
ਜਿਹਨਾਂ ਨੂੰ ਨਾ ਦਾਜ ਦੀ ਏ ਭੁੱਖ ਨੀਂ,
ਵਸਣ ਸੁਹਾਗਣਾ, ਸੁਹਾਗ ਮਾਂਏ ਮੇਰੀਏ ਨੀਂ,
ਮਿਲ਼ੇ ਨਾ ਵਿਛੋੜੇ ਵਾਲ਼ਾ ਦੁੱਖ ਨੀਂ।
ਆਖੀਂ ਬਲਵਿੰਦਰ ਨੂੰ ਕਾਰਡ ਮੇਰੇ ਵਿਆਹ ਦੇ ਵਾਲ਼ਾ,
ਦੇਵੇ ਉਹਨਾਂ ਲੋਕਾਂ ਤਾਈਂ ਪੁਚਾ, ਦੇਵੀਂ ਨਾ ਨੀਂ ਮਾਂਏ.....।

ਨੈਣ

ਨੈਣਾਂ ਬਾਝੋਂ ਘੁੱਪ ਹਨੇਰਾ,
ਲੱਗੇ ਚਾਰ ਚੁਫ਼ੇਰੇ,
ਖੋਰੇ ਰੱਬ ਨੇ ਰਾਤਾਂ ਵਰਗੇ,
ਭਾਗ ਲਿਖੇ ਕਿਉਂ ਮੇਰੇ!
ਮੰਦਰ, ਮਸਜਿਦ, ਗੁਰੂਦੁਆਰੇ,
ਥਾਂ ਥਾਂ ਮੱਥੇ ਰਗੜੇ,
ਖ਼ੈਰ ਕਿਤੋਂ ਨਾ ਪਈ,
ਮੈਂ ਖਾ-ਖਾ ਠੋਕਰਾਂ ਪੰਧ ਨਬੇੜ੍ਹੇ।
ਬਾਕੀ ਤਾਂ ਦੁੱਖ ਮਿੱਟ ਜਾਂਦੇ ਨੇ,
ਲੋਢੇ, ਸ਼ਾਮ, ਸਵੇਰੇ,
ਪਰ ਨੈਣਾਂ ਦੇ ਦੁੱਖੜੇ ਹੁੰਦੇ,
ਉਮਰਾਂ ਜਿਹੇ ਲੰਮੇਰੇ।

ਇੱਕ ਸੱਜਣ ਦੀ ਉਂਗਲ ਫੜ,
ਮੈਂ ਘਰ ਘੁਮਿਆਰ ਦੇ ਆਇਆ,
ਕਰ ਕੇ ਅਰਜ਼ ਮੈਂ ਇੱਕ ਪਲ ਦੇ ਲਈ,
ਚੱਕ ਉਹਦਾ ਰੁਕਵਾਇਆ,
ਕਿਹਾ ਓਸ ਨੂੰ ਵੀਰ ਮੇਰਿਆ!
ਬੱਸ ਇੱਕ ਅੱਖ ਬਣਾ ਦੇ,
ਵਿੰਗੀ, ਟੇਢੀ, ਵੱਡੀ, ਛੋਟੀ,
ਬਸ ਜੋਤ ਉਹਦੇ ਵਿੱਚ ਪਾ ਦੇ।

ਕਿਹਾ ਘੁਮਾਰ ਨੇ ਮੈਂ ਤਾਂ ਚੱਕ 'ਤੇ,
ਦੀਵੇ, ਘੜੇ ਬਣਾਵਾਂ,
ਆਵੇ ਦੇ ਵਿੱਚ ਫਿਰ ਉਨ੍ਹਾਂ ਨੂੰ,
ਚੰਗੀ ਤਰ੍ਹਾਂ ਪਕਾਵਾਂ,
ਕੋਈ ਘੜੇ ਵਿੱਚ ਅੰਮ੍ਰਿਤ ਪਾਵੇ,
ਕੋਈ ਸ਼ੀਰੇ ਨਾਲ ਭਰਦਾ,
ਕੋਈ ਦੀਵੇ ਵਿੱਚ ਜੋਤ ਜਗਾ ਕੇ,
ਮੰਦਰ, ਮੜ੍ਹੀਏਂ ਧਰਦਾ,
ਮੈਂ ਕੀ ਲੈਣਾ ਕਿਸ ਭਾਡੇਂ ਨਾਲ,

ਕਿਹੜਾ ਕੀ ਕੀ ਕਰਦਾ।
ਹਾਂ ਸੱਚ, ਅੱਖ ਬਣਾਵਣ ਬਾਰੇ,
ਮੈਨੂੰ ਕੁੱਝ ਨਾ ਆਵੇ,
ਇਹ ਤਾਂ ਉਹੀਓ ਜਾਣੇ,
ਜਿਹੜਾ ਰੂਹ ਤੇ ਜਿਸਮ ਬਣਾਵੇ।

ਫਿਰ ਸੱਜਣ ਦੀ ਉਂਗਲ ਫੜ,
ਮੈਂ ਘਰ ਲੁਹਾਰ ਦੇ ਆਇਆ,
ਉਸ ਨੂੰ ਵੀ ਮੈਂ ਹੱਥ ਜੋੜ ਕੇ,
ਆਪਣਾ ਕੰਮ ਸੁਣਾਇਆ,
ਉਹ ਵੀ ਕਹਿੰਦਾ ਮੇਰੇ ਤੋਂ,
ਜੋ ਮਰਜ਼ੀ ਸੰਦ ਬਣਵਾ ਲੈ,
ਘਣ ਮੇਰੇ ਨਾਲ ਲੋਹਾ-ਪਰਬਤ,
ਜੋ ਮਰਜ਼ੀ ਤੁੜਵਾ ਲੈ,
ਚੜ੍ਹ ਕੇ ਮੇਰੀ ਲਿਫਟ 'ਚ ਭਾਵੇਂ,
ਅੰਬਰ ਨੂੰ ਹੱਥ ਲਾ ਲੈ,
ਬਹਿ ਕੇ ਵਿੱਚ ਜਹਾਜ਼ੇ ਭਾਵੇਂ,
ਸਾਗਰ ਵਿੱਚ ਨਹਾ ਲੈ,
ਪਰ ਇਹ ਅੱਖ ਬਣਾਵਣ ਦੇ ਕੰਮ,
ਉਹ ਦਾਤਾ ਹੀ ਜਾਣੇ,
ਉਹਦੇ ਅੱਗੇ ਮੇਰੇ ਇਹ ਸੰਦ,
ਹਾਲੇ ਬਾਲ ਨਿਆਣੇ।

ਫਿਰ ਸੱਜਣ ਦੀ ਉਂਗਲ ਫੜ ਮੈਂ,
ਹੱਟ ਸੁਨਿਆਰ ਦੀ ਆਇਆ,
ਉਸ ਅੱਗੇ ਵੀ ਵਾਕ ਮੈਂ ਆਪਣਾ,
ਅੱਖ ਵਾਲ਼ਾ ਦੁਹਰਾਇਆ,
ਕਿਹਾ ਓਸ ਨੂੰ ਤੂੰ ਤਾਂ ਮਿੱਤਰਾ,
ਚੰਨ ਨੂੰ ਵੀ ਚੰਨ ਲਾਵੇਂ,
ਚਾਂਦੀ-ਸੋਨੇ ਦੀਆਂ ਡਲੀਆਂ ਤੋਂ,
ਕੀ ਦਾ ਕੀ ਬਣਾਵੇਂ,
ਸਿਰ ਤੋਂ ਲੈ ਕੇ ਪੈਰਾਂ ਤੀਕਰ,
ਤੂੰ ਤਾਰੇ ਚਮਕਾਵੇਂ,

ਗਹਿਣਿਆਂ ਦੇ ਨਾਲ਼ ਹੁਸਨ ਉੱਤੇ ਤੂੰ,
ਆਪਣੀ ਧਾਂਕ ਜਮਾਵੇਂ,
ਪਰ ਮੈਂ ਤੈਨੂੰ ਤਾਂ ਮੰਨਾ,
ਜੇ ਤੂੰ ਮੇਰੀ ਅੱਖ ਬਣਾਵੇਂ।

ਕਿਹਾ ਸੁਨਾਰ ਨੇ ਮੰਨਦਾ ਹਾਂ,
ਮੈਂ ਕਾਰੀਗਰ ਹਾਂ ਪੂਰਾ,
ਜਿਸ ਵੀ ਕੰਮ ਨੂੰ ਹੱਥ ਵਿੱਚ ਲੈ ਲਾਂ,
ਛੱਡਦਾ ਨਹੀਂ ਅਧੂਰਾ,
ਪਰ ਇਹ ਅੱਖ ਬਣਾਵਣ ਵਾਲ਼ਾ,
ਰੋਗ ਨਾ ਮੇਰੇ ਵੱਸ ਦਾ,
ਇਹ ਤਾਂ ਉਹੀਓ ਜਾਣੇ,
ਜਿਹੜਾ ਕਣ ਕਣ ਦੇ ਵਿਚ ਵਸਦਾ।

ਜਿਸਮ ਦੇ ਅੰਦਰ ਰੂਹ ਦਾ ਵਾਸਾ,
ਮਨ ਦੇ ਅੰਦਰ ਰੋਣਾ, ਹਾਸਾ,
ਰਹਿਮਤ ਓਸ ਖ਼ੁਦਾ ਦੀ ਬਾਝੋਂ,
ਦਿਸਦਾ ਨਈਂ ਇਹ ਜਗਤ ਤਮਾਸ਼ਾ!!

ਰੱਬ ਹੀ ਅੱਖ ਬਣਾ ਸਕਦਾ ਹੈ,
ਰੱਬ ਹੀ ਜੋਤ ਜਗਾ ਸਕਦਾ ਹੈ,
ਜਾਂ ਫਿਰ ਰੱਬ ਹੀ, ਰੱਬ ਵਰਗੇ ਤੋਂ,
ਇਹ ਕਾਰਜ ਕਰਵਾ ਸਕਦਾ ਹੈ,
ਇੱਕ ਦੀ ਜੋਤੀ ਦੂਜੇ ਦੀਵੇ,
ਨਾਲ਼ ਕਲਾ ਰੁਸ਼ਨਾ ਸਕਦਾ ਹੈ,
ਜੇ ਕੋਈ ਚਾਹਵੇ ਨਾਲ਼ ਜਿਸਮ ਦੇ,
ਅੱਖਾਂ ਵੀ ਦਫ਼ਨਾ ਸਕਦਾ ਹੈ,
ਪਰ ਕਰਕੇ ਅੱਖਾਂ ਦਾਨ ਪ੍ਰਾਣੀ,
ਉੱਤਮ ਪੁੰਨ੍ਹ ਕਮਾ ਸਕਦਾ ਹੈ,
ਦਾਨ ਹੋਈ ਅੱਖ ਡਾਕਟਰ-ਰੱਬ ਫਿਰ,
ਤੇਰੀ ਅੱਖ ਵਿੱਚ ਪਾ ਸਕਦਾ ਹੈ,
ਰੱਬ ਜਿਹਾ ਡਾਕਟਰ ਜਾਂ ਬਸ ਰੱਬ ਹੀ,
ਤੇਰੀ ਅੱਖ ਬਣਾ ਸਕਦਾ ਹੈ,

ਤੇਰੀ ਜੋਤ ਜਗਾ ਸਕਦਾ ਹੈ,
ਉੱਤਮ ਪੁੰਨ੍ਹ ਕਮਾ ਸਕਦਾ ਹੈ।

ਓ ਦੁਨੀਆਂ ਦੇ ਲੋਕੋ!
ਆਓ ਰਲ਼ ਮਿਲ਼ ਨਾਅਰਾ ਲਾਈਏ,
ਅੱਖਾਂ-ਦਾਨੀ ਮਹਾਂ-ਗਿਆਨੀ,
ਸਭ ਨੂੰ ਗੱਲ ਸਮਝਾਈਏ,
ਅੱਖਾਂ ਰੱਬ ਦੀ ਦਾਤ ਅਮੁੱਲੀ,
ਨਾ ਦੱਬੀਏ, ਦਫ਼ਨਾਈਏ,
ਜਿਸ ਦਾਤੇ ਨੇ ਬਖ਼ਸ਼ੀਆਂ ,
ਉਹਦੇ ਬੰਦਿਆਂ ਤੀਕ ਪੁਚਾਈਏ,
ਜਿਸਮ ਤਾਂ ਗਲ਼-ਸੜ ਮਿੱਟੀ ਹੋਣਾ,
ਅੱਖਾਂ ਅਮਰ ਬਣਾਈਏ,
ਕਰਕੇ ਅੱਖਾਂ ਦਾਨ,
ਕਿਸੇ ਦੀ ਦੁਨੀਆ ਨੂੰ ਰੁਸ਼ਨਾਈਏ,
ਅੱਖਾਂ ਵਰਗਾ ਦਾਨ ਨਾ ਕੋਈ,
ਸਿੱਖੀਏ ਅਤੇ ਸਿਖਾਈਏ,
ਜਿਉਂਦੇ-ਜੀਅ ਜੋ ਹੋ ਗਿਆ ਵਾਹਵਾ,
ਮਰ ਕੇ ਪੁੰਨ੍ਹ ਕਮਾਈਏ,
ਓ ਦੁਨੀਆਂ ਦੇ ਲੋਕੋ!
ਆਓ ਰਲ਼ ਮਿਲ਼ ਨਾਅਰਾ ਲਾਈਏ,
ਅੱਖਾਂ-ਦਾਨੀ ਮਹਾਂ-ਗਿਆਨੀ,
ਸਭ ਨੂੰ ਗੱਲ ਸਮਝਾਈਏ॥

ਪਵਨ ਗੁਰੂ, ਪਾਣੀ ਪਿਤਾ ....

ਪਵਨ ਗੁਰੂ, ਪਾਣੀ ਪਿਤਾ, ਗੁਰੂਆਂ ਗੱਲ ਸਮਝਾਈ,
ਸਦੀਆਂ ਬੀਤ ਗਈਆਂ, ਪਰ ਸਾਨੂੰ ਸਮਝ ਰਤਾ ਨਾ ਆਈ,
ਪਵਨ ਗੁਰੂ, ਪਾਣੀ ਪਿਤਾ ....।

ਮਾਣ ਗੁਰਾਂ ਦਾ ਰੱਖਦੇ ਹਾਂ ਅਸੀਂ, ਥਾਂ-ਥਾਂ ਅੱਗਾਂ ਲਾ ਕੇ !
ਪਾਕ-ਪਵਨ ਨੂੰ ਦੂਸ਼ਿਤ ਕਰੀਏ, ਜ਼ਹਿਰਾਂ ਨਿੱਤ ਮਿਲਾ ਕੇ।
ਧਰਤੀ-ਅੰਬਰ ਏਦਾਂ ਤਪਦਾ, ਜਿਉਂ ਕੋਈ ਭੱਠ ਤਪਾਈ,
ਪਵਨ ਗੁਰੂ, ਪਾਣੀ ਪਿਤਾ ....।

ਪਾਣੀ, ਪਾਣੀ-ਪਾਣੀ ਹੋਇਆ, ਵੇਖ ਕੇ ਸਾਡੇ ਕਾਰੇ,
ਨਦੀਆਂ ਦੇ ਵਿੱਚ ਗੰਦਗੀ ਸੁੱਟਦਾ, ਕੋਈ ਨਾ ਗੱਲ ਵਿਚਾਰੇ।
ਪੀ-ਪੀ ਪਾਣੀ ਪੰਛੀ ਮਰ ਗਏ, ਕਾਹਦੀ ਪਿਆਸ ਬੁਝਾਈ!
ਪਵਨ ਗੁਰੂ, ਪਾਣੀ ਪਿਤਾ ....।

ਰੁੱਖਾਂ ਨੂੰ ਕੱਟ-ਕੱਟ ਕੇ ਸੁੱਟਿਆ, ਮੁੱਕ ਚੱਲੀ ਹਰਿਆਲੀ,
ਬਿਨਾਂ ਸੰਭਾਲ਼ੋਂ ਬਾਗ ਉੱਜੜ ਗਏ, ਕੋਈ ਨੀਂ ਦਿਸਦਾ ਮਾਲੀ।
ਹਰ ਪਾਸੇ ਵੱਲ ਪੱਥਰਾਂ ਦੇ ਘਰ, ਅੰਬਰਾਂ ਤੱਕ ਉਚਾਈ,
ਪਵਨ ਗੁਰੂ, ਪਾਣੀ ਪਿਤਾ ....।

ਰੁੱਖਾਂ ਵਾਂਗੂੰ, ਕੁੱਖਾਂ ਦਾ ਵੀ, ਕਰੀਏ ਅਸੀਂ ਉਜਾੜਾ,
ਬੇਟੀ ਦਾ ਇਸ ਜੱਗ 'ਤੇ ਆਉਣਾ, ਮੰਨਦੇ ਹਾਂ ਕਿਉਂ ਮਾੜਾ?
ਔਰਤ ਗੁਰੂਆਂ-ਪੀਰਾਂ ਕੋ਼ਲੋਂ, ਜੱਗ ਜਣਨੀ ਅਖਵਾਈ,
ਪਵਨ ਗੁਰੂ, ਪਾਣੀ ਪਿਤਾ ....।

ਰਿਹਾ ਉਲਝਦਾ ਏਦਾਂ ਹੀ ਜੇ ਜੱਗ ਦਾ ਤਾਣਾ-ਬਾਣਾ,
ਸ਼ੁੱਧ ਹਵਾ, ਪਾਣੀ ਨੂੰ ਤਰਸੂ, ਹਰ ਇੱਕ ਸਿਆਣਾ-ਨਿਆਣਾ,
ਮਾਂਵਾਂ, ਛਾਂਵਾਂ, ਧੀਆਂ ਦੇ ਰਖਵਾਲੇ ਬਣ ਜਾਓ ਭਾਈ,
ਪਵਨ ਗੁਰੂ, ਪਾਣੀ ਪਿਤਾ ....।

ਰੁੱਖ ਦੀ ਪੁਕਾਰ

ਰੁੱਖ, ਦਰੱਖਤ, ਬ੍ਰਿਛ, ਜੋ ਮਰਜ਼ੀ ਕਹਿ ਲੈ ਮੈਨੂੰ ਵੀਰਾ,
ਮੈਂ ਮਿੱਤਰ ਤੇਰਾ ਮੁੱਢ ਕਦੀਮੋਂ, ਸੁਣ ਲੈ ਹੋ ਕੇ ਧੀਰਾ।

ਜਦ ਤੂੰ ਜੰਮਿਆ, ਬਾਬਲ ਤੇਰਾ, ਕੋਲ ਮੇਰੇ ਸੀ ਆਇਆ,
ਲੈ ਕੇ ਮੈਥੋਂ ਟਾਹਣੀਆਂ ਉਸ ਨੇ, 'ਬਾਨਰ ਵਾਰ' ਬਣਾਇਆ।
ਮੁੱਖ ਦਰਵਾਜ਼ੇ ਕਿੱਲਾਂ ਗੱਡ ਕੇ, ਉਸ ਨੇ ਸੀ ਲਟਕਾਇਆ।
ਕੱਚੇ ਭਾਂਡੇ ਮੇਰਾ ਬੀਜ ਰਗੜ, ਤੈਨੂੰ ਗੁੜਤੀ-ਜਲ ਪਿਆਇਆ।
ਵੱਡਾ ਹੋਇਆ ਮਾਂ ਤੇਰੀ, ਤੈਨੂੰ ਝੂਲੇ ਵਿੱਚ ਲਿਟਾਇਆ,
ਉਹ ਝੂਲਾ ਤੇਰੇ ਨਾਨਕਿਆਂ ਨੇ, ਮੇਰਾ ਹੀ ਬਣਵਾਇਆ।

ਪੰਜ-ਸੱਤ ਸਾਲੀਂ ਬਾਬਲ ਤੈਨੂੰ, ਪੜ੍ਹਨ ਸਕੂਲੇ ਪਾਇਆ।
ਮਾਸਟਰ ਜੀ ਨੇ ਫੱਟੀ 'ਤੇ ਫਿਰ, ਪਹਿਲਾ ਊੜਾ ਵਾਹਿਆ,
ਚੇਤੇ ਕਰ ਉਸ ਫੱਟੀ ਵਿੱਚ ਵੀ, ਮੇਰਾ ਸੀ ਹਮਸਾਇਆ।

ਹਾਕੀ, ਬੈਟ ਤੇ ਗੁੱਲੀ-ਡੰਡਾ, ਤੂੰ ਜੋ ਯਾਰ ਬਣਾਏ,
ਪਲੰਘ, ਅਲਮਾਰੀ, ਮੇਜ਼, ਕੁਰਸੀਆਂ, ਸਭ ਮੇਰੇ ਨੇ ਜਾਏ।
ਲੰਮੀਆਂ ਵਾਟਾਂ, ਬਿਖੜੇ ਪੈਂਡੇ, ਜਦ ਤੂੰ ਥੱਕ-ਟੁੱਟ ਜਾਵੇਂ,
ਰੁੱਖਾਂ ਦੀ ਹੀ ਛਾਵੇਂ ਬਹਿ ਕੇ, ਤੂੰ ਫਿਰ ਠੰਡਕ ਪਾਵੇਂ।

ਭੈਣਾਂ ਤੇਰੀਆਂ ਮੇਰੇ ਟਾਹਣੀਂ, ਪੀਘਾਂ ਪਾਵਣ ਆਈਆਂ,
ਉਹਨਾਂ ਮੈਨੂੰ ਆਪਣੇ ਦਿਲ ਦੀਆਂ, ਬਾਤਾਂ ਕਈ ਸੁਣਾਈਆਂ।
ਕੁੱਝ ਨੇ ਮੇਰੀਆਂ ਯਾਦਾਂ, ਆਪਣੇ ਚਰਖੇ ਵਿੱਚ ਜੜਾਈਆਂ,
ਕੁੱਝ ਨੇ ਪੇਟੀਆਂ ਤੱਕ-ਤੱਕ, 'ਸੀਸਾਂ ਦਿੱਤੀਆਂ ਦੂਣ ਸਵਾਈਆਂ।

ਵੇਖ ਲੈ ਆਪਣੇ ਖੱਬੇ, ਸੱਜੇ, ਉੱਪਰ, ਹੇਠਾਂ ਭਾਈ,
ਕਿਹੜੀ ਥਾਂ 'ਤੇ, ਜਾਂ ਕਿਸ ਪਾਸੇ ਤੈਂ ਲੱਕੜ ਨਹੀਂ ਲਾਈ?

ਅੰਬ ਤੇ ਲੀਚੀ, ਸੇਬ, ਸੰਗਤਰਾ, ਮੇਰੇ ਹੀ ਨੇ ਜਾਏ,
ਕਾਜੂ ਤੇ ਅਖਰੋਟ, ਨਾਰੀਅਲ, ਕਿਸ ਨੇ ਘਰੇ ਬਣਾਏ?

ਤੇਰੀ ਖ਼ਾਤਰ ਮੈਂ ਤਾਂ ਹਰਦਮ, ਸ਼ੁੱਧ ਹਵਾ ਨੂੰ ਕਰਦਾ,
ਮਾਂਵਾਂ ਵਰਗੀਆਂ ਛਾਂਵਾਂ ਦੇਣ ਲਈ, ਮੈਂ ਹਾਂ ਧੁੱਪਾਂ ਜਰਦਾ।

ਜਨਮ ਤੋਂ ਜ਼ਿੰਦਗੀ ਤੱਕ ਹੀ ਆਪਣਾ, ਨਾਤਾ ਨਈਂਓ ਮੁੱਕਦਾ,
ਮੌਤ ਵੇਲ਼ੇ ਵੀ ਮੁਰਦੇ ਨਾਲ਼ੋਂ, ਮੈਂ ਹੀ ਪਹਿਲਾਂ ਫੁਕਦਾ।

ਮੈਂ ਨੀਂ ਕਹਿੰਦਾ ਕੱਟ ਨਾ ਮੈਨੂੰ, ਕੱਟਿਆਂ ਬਿਨ ਨਾ ਸਰਨਾ,
ਨਦੀ ਕਿਨਾਰੇ ਰੁੱਖੜਾ, ਬੁੱਢਾ ਕਦ ਤੱਕ, ਅੜ-ਅੜ ਖੜ੍ਹਨਾ!

ਬਾਬਲ, ਬੁੱਢਿਆਂ ਤੁਰ ਹੀ ਜਾਣਾ, ਆਪੋ ਆਪਣੀ ਵਾਰੀ,
ਤੂੰ ਹੁਣ ਕਾਕਾ, ਆਪਣੇ ਜਿਹੇ ਨਾਲ਼, ਪਾ ਕੇ ਰੱਖੀਂ ਆੜੀ,

ਪਰ ਦੱਸ ਤੈਂ ਕੀ ਆਪਣੇ ਵਰਗਾ, ਬੂਟਾ ਕੋਈ ਲਗਾਇਆ?
ਕਰਕੇ ਗੋਡੀ, ਪਾ ਕੇ ਪਾਣੀ, ਆਪਣਾ ਫ਼ਰਜ਼ ਨਿਭਾਇਆ?

ਜੇ ਤੂੰ ਇਹ ਨੀਂ ਕੀਤਾ, ਤੇਰੇ ਬੱਚਿਆਂ ਨੇ ਕੀ ਪਾਉਣਾ ?
ਉਹਨਾਂ ਨੇ ਭਾਈ ਜੀਵਨ ਸਾਰਾ, ਕਿਸ ਸਹਾਰੇ ਜਿਊਂਣਾ?

ਮੇਰੇ 'ਤੇ ਨਈਂ, ਆਪਣੇ ਬੱਚਿਆਂ ਉਪਰ ਤਰਸ ਤਾਂ ਖਾ ਲੈ,
ਜ਼ਿਆਦਾ ਨਈਂ ਤਾਂ ਇੱਕ-ਦੋ, ਬਲਵਿੰਦਰਾ ਦਰੱਖਤ ਲਗਾ ਲੈ॥

ਰੁੱਖ

ਅਸੀਂ ਤੇਰਿਆਂ ਦੁੱਖਾਂ ਦੀ ਦਾਰੂ,
ਨਾ ਪੁੱਟ-ਪੁੱਟ ਸੁੱਟ ਮਿੱਤਰਾ।
ਹੋਇਆ ਕੀ ਜੇ ਮੂੰਹੋਂ ਨੀਂ ਬੋਲ ਸਕਦੇ,
ਨਾ ਇੰਝ ਸਾਨੂੰ ਕੁੱਟ ਮਿੱਤਰਾ।

'ਕੱਲਾ-'ਕੱਲਾ ਰੁੱਖ ਇਥੇ ਬੜਾ ਗੁਣਕਾਰੀ ਹੈ,
ਅੱਜ ਵੀ ਦਵਾਈਆਂ ਵਿੱਚ ਸਾਡੀ ਸਰਦਾਰੀ ਹੈ।
ਤੈਨੂੰ ਦਿੱਤੀਆਂ ਨੇ ਰੱਬ ਨੇ ਨਿਆਮਤਾਂ,
ਸਿਆਣਾ ਬਣ ਲੁੱਟ ਮਿੱਤਰਾ,
ਹੋਇਆ ਕੀ ਜੇ ਮੂੰਹੋਂ ਨੀਂ ਬੋਲ ਸਕਦੇ,
ਨਾ ਇੰਝ ਸਾਨੂੰ ਕੁੱਟ ਮਿੱਤਰਾ।

ਠੰਢੀ-ਠੰਢੀ ਛਾਂ ਤੇ ਹਵਾਵਾਂ ਸ਼ੁੱਧ ਦਿੰਦੇ ਹਾਂ,
ਬਦਲੇ 'ਚ ਕਿਸੇ ਕੋਲੋਂ ਕੁੱਝ ਵੀ ਨਾ ਲੈਂਦੇ ਹਾਂ।
ਸਾਡੇ ਬਿਨਾਂ ਬਰਸਾਤਾਂ ਨਈਂਓਂ ਹੋਣੀਆਂ,
ਨਾ ਪਾਣੀ ਮਿਲੂ ਘੁੱਟ ਮਿੱਤਰਾ,
ਹੋਇਆ ਕੀ ਜੇ ਮੂੰਹੋਂ ਨੀਂ ਬੋਲ ਸਕਦੇ,
ਨਾ ਇੰਝ ਸਾਨੂੰ ਕੁੱਟ ਮਿੱਤਰਾ।

ਤੇਰੇ ਤੋਂ ਵੀ ਪਹਿਲਾਂ ਇਸ ਜੱਗ 'ਤੇ ਮੈਂ ਆਇਆ ਸੀ,
ਮੇਰਾ ਫਲ ਖਾ ਕੇ ਹੀ ਤੈਂ ਭੁੱਖ ਨੂੰ ਮਿਟਾਇਆ ਸੀ।
ਸਾਥ ਕੁੱਖ ਤੋਂ ਕਬਰ ਤੱਕ ਆਪਣਾ,
ਨਾ ਆੜੀ ਕਰ ਠੁੱਕ ਮਿੱਤਰਾ,
ਹੋਇਆ ਕੀ ਜੇ ਮੂੰਹੋਂ ਨੀਂ ਬੋਲ ਸਕਦੇ,
ਨਾ ਇੰਝ ਸਾਨੂੰ ਕੁੱਟ ਮਿੱਤਰਾ।

ਤਾਕੀ, ਦਰਵਾਜ਼ੇ, ਮੇਜ਼, ਫੱਟੀ, ਅਲਮਾਰੀਆਂ,
ਸਾਡੇ ਬਿਨਾਂ ਚੀਜ਼ਾਂ, ਕਿਥੋਂ ਲਿਆਏਂਗਾ ਪਿਆਰੀਆਂ।
ਅਸੀਂ ਤੇਰੇ ਕੋਲੋਂ ਪਿਆਰ-ਨਿੱਘ ਭਾਲੀਏ,
ਬਣਾ ਲੈ ਸਾਨੂੰ ਜੁੱਟ ਮਿੱਤਰਾ,

ਹੋਇਆ ਕੀ ਜੇ ਮੂੰਹੋਂ ਨੀਂ ਬੋਲ ਸਕਦੇ,
ਨਾ ਇੰਝ ਸਾਨੂੰ ਕੁੱਟ ਮਿੱਤਰਾ।

ਸਾਡੇ ਨਾਲ਼ ਤੇਰਿਆਂ ਮੁਹੱਲਿਆਂ ਦੀ ਸ਼ਾਨ ਹੈ,
ਯਾਦ ਰੱਖ ਵੀਰਾ ਸਾਡੇ ਵਿੱਚ ਵੀ ਤਾਂ ਜਾਨ ਹੈ।
ਸਾਨੂੰ ਕਰੇਂਗਾ ਤੂੰ ਯਾਦ ਬਲਵਿੰਦਰਾ,
ਤੈਂ ਜਾਣਾ ਜਦੋਂ ਟੁੱਟ ਮਿੱਤਰਾ,
ਹੋਇਆ ਕੀ ਜੇ ਮੂੰਹੋਂ ਨੀਂ ਬੋਲ ਸਕਦੇ,
ਨਾ ਇੰਝ ਸਾਨੂੰ ਕੁੱਟ ਮਿੱਤਰਾ।

ਕਾਕੇ ਦੀ ਕੁੰਡਲੀ

ਬੀਬੀ :ਜ਼ਰਾ ਕੁੰਡਲੀ ਵੇਖੋ ਪੰਡਤ ਜੀ, ਕਾਕਾ ਕੀ ਗੁੱਲ ਖਿਲਾਰੇਗਾ?
ਇਹ ਘਰ ਦੇ ਤੱਪੜ ਰੋਲੇਗਾ ਜਾਂ ਗੁੱਡੀ ਅੰਬਰੀਂ ਚਾੜ੍ਹੇਗਾ?

ਪੰਡਤ ਜੀ :ਤੇਰਾ ਕਾਕਾ ਬੜਾ ਪਤੰਦਰ ਏ, ਲੋਕਾਂ ਨੂੰ ਲੁੱਟੂ, ਕੁੱਟੂਗਾ,
ਇਹ ਖੇਡੂ ਖੇਡ ਸਿਆਸਤ ਦੀ, ਗੈਰਾਂ ਦੀਆਂ ਝੰਡੀਆਂ ਪੁੱਟੂਗਾ।

ਬੀਬੀ :ਇਹਦੇ ਹੱਥਾਂ ਦੀਆਂ ਲਕੀਰਾਂ ਵਿੱਚ,ਕੀ ਲਿਖਿਆ ਏ ਤਕਦੀਰਾਂ ਵਿੱਚ,
ਜ਼ਰਾ ਵੇਖ ਕੇ ਦੱਸੋ ਪੰਡਤ ਜੀ, ਇਹ ਬੈਠੂ ਕਦੋਂ ਅਮੀਰਾਂ ਵਿੱਚ?

ਪੰਡਤ ਜੀ :ਇਹ ਸ਼ਾਹਾਂ ਦਾ ਬਣੂ ਸ਼ਾਹ ਬੀਬੀ,ਅਸਮਾਨੀ ਚਾੜ੍ਹੂ ਭਾਅ ਬੀਬੀ,
ਇਹ ਖਾਤੇ ਖੋਲ ਵਿਦੇਸ਼ਾਂ ਵਿੱਚ, ਸਭ ਕਰੂਗਾ ਪੂਰੇ ਚਾਅ ਬੀਬੀ।

ਬੀਬੀ :ਕਿਵੇਂ ਸੇਵਾ ਕਰੂਗਾ ਲੋਕਾਂ ਦੀ, ਕਿਵੇਂ ਜੱਗ ਵਿੱਚ ਨਾਮ ਕਮਾਊਗਾ,
ਜ਼ਰਾ ਵੇਖ ਕੇ ਦੱਸੋ ਪੰਡਤ ਜੀ, ਬਾਪੂ ਦਾ ਨਾਂ ਚਮਕਾਊਗਾ?

ਪੰਡਤ ਜੀ :ਬਿਜਲੀ ਦੇ ਲਾ ਕੇ ਕੱਟ ਬੀਬੀ, ਲੋਕਾਂ ਦੇ ਕੱਢੂ ਵੱਟ ਬੀਬੀ,
ਸਦਾ ਝੂਟੇ ਲਊ ਜਹਾਜ਼ਾਂ ਦੇ, ਨਾ ਰਹੂ ਕਿਸੇ ਤੋਂ ਘੱਟ ਬੀਬੀ।

ਬੀਬੀ : ਕਿਵੇਂ ਧਰਮਾਂ ਦਾ ਸਤਿਕਾਰ ਕਰੂ, ਰਹੁ-ਰੀਤਾਂ ਨਾਲ਼ ਪਿਆਰ ਕਰੂ,
ਜ਼ਰਾ ਵੇਖ ਕੇ ਦੱਸੋ ਪੰਡਤ ਜੀ, ਕਦੋਂ ਰੱਬ ਦੇ ਨਾਂ ਦੀ ਕਾਰ ਕਰੂ?

ਪੰਡਤ ਜੀ :ਵਿਸਕੀ ਨਾਲ਼ ਮੁਰਗੇ ਖਾਵੇਗਾ, ਪਰ ਉਪਰੋਂ ਭੇਖ ਬਣਾਵੇਗਾ,
ਬਸ ਵੋਟਾਂ ਖਾਤਰ ਬੀਬੀ ਜੀ, ਇਹ ਮੰਦਰ-ਮਸਜਿਦ ਜਾਵੇਗਾ।

ਬੀਬੀ : ਕਾਕੇ ਦੀ ਕੁੰਡਲੀ ਪੰਡਤ ਜੀ, ਵੈਸੇ ਤਾਂ ਠੀਕ ਹੀ ਕਹਿੰਦੀ ਏ,
ਕਿਸੇ ਘਪਲੇ ਵਿੱਚ ਨਾ ਫਸ ਜਾਵੇ,
ਮੇਰੀ ਜਾਨ ਤੜਪਦੀ ਰਹਿੰਦੀ ਏ!

ਪੰਡਤ ਜੀ :ਨਾ ਕੱਲ੍ਹ ਦੀ ਚਿੰਤਾ ਕਰ ਬੀਬੀ,
ਸਾਡੀ ਫੀਸ ਤਲੀ 'ਤੇ ਧਰ ਬੀਬੀ,

ਉਖਲੀ ਵਿੱਚ ਸਿਰ ਜਦ ਦੇਣਾ ਹੈ,
ਫਿਰ ਮੋਹਲਿਆਂ ਦਾ ਕੀ ਡਰ ਬੀਬੀ?

ਬੀਬੀ : ਪੰਡਤ ਜੀ ਆਪਾਂ ਰਲ਼ ਮਿਲ਼ ਕੇ ਕਾਕੇ ਦੀ ਖੁਸ਼ੀ ਮਨਾਵਾਂਗੇ,
ਜਦੋਂ ਕਾਕਾ ਆਪਣਾ ਰਾਜ ਕਰੂ, ਆਪਾਂ ਵੀ ਐਸ਼ ਉਡਾਵਾਂਗੇ।

ਅੱਜ ਕੱਲ੍ਹ ਦੇ ਸਿਆਸਤਦਾਨੋ ਇਹ ਕੀ ਫੜ ਲਏ ਚਾਲੇ ਹੋਸ਼ ਕਰੋ,
ਮੇਰੇ ਦੇਸ਼ ਦੀ ਮੰਦੀ ਹਾਲਤ ਲਈ, ਨਾ ਜਨਤਾ ਉੱਤੇ ਦੋਸ਼ ਮੜ੍ਹੋ।
ਜਦੋਂ ਦੇਸ਼ ਦੀ ਜਨਤਾ ਜਾਗ ਪਈ, ਫਿਰ ਥੋਨੂੰ ਨੀਂਦ ਨਾ ਆਵੇਗੀ,
ਅੱਜ ਜਨਤਾ ਭੱਜੀ ਫਿਰਦੀ ਹੈ, ਕੱਲ੍ਹ ਲੀਡਰਾਂ ਤਾਂਈ ਭਜਾਵੇਗੀ।
ਨਸ਼ਿਆਂ ਵਿੱਚ ਫਸਿਆ ਦੇਸ਼ ਮੇਰਾ, ਬੇਕਾਰੀ ਦੇ ਹੜ੍ਹ ਆਏ ਨੇ,
ਅਸੀਂ ਕੱਲ੍ਹ ਦੇ ਵਾਰਸ ਵੀਰ ਮੇਰੇ, ਸੱਤ ਸਾਗਰ ਪਾਰ ਪੁਚਾਏ ਨੇ।
ਇਨਸਾਫ ਕਰੋ, ਛੱਡੋ ਰਿਸ਼ਵਤ ਨੂੰ, ਪੁੱਤ-ਪੋਤੇ ਦੀ ਨਾ ਮੇਰ ਕਰੋ,
ਕੋਈ ਜਗਦਾ ਦੀਵਾ ਰਹਿਣ ਦਿਓ, ਇੰਨਾ ਨਾ ਘੁੱਪ-ਹਨ੍ਹੇਰ ਕਰੋ।
ਮੇਰਾ ਦੇਸ਼ ਸੋਨੇ ਦੀ ਚਿੜੀ ਤਾਂ ਕੀ, ਸੋਨੇ ਦਾ ਸ਼ੇਰ ਕਹਾਵੇਗਾ,
ਬਸ਼ਰਤੇ ਹਰ ਇੱਕ ਲੀਡਰ ਜੇ, ਧੁਰ ਦਿਲ ਤੋਂ ਇਹ ਸਭ ਚਾਹਵੇਗਾ!

ਮੰਡੀ

ਮੰਡੀ ਦੇ ਵਿੱਚ ਬੈਠਿਆ, ਇੱਕ ਸ਼ਾਹ ਜੀ ਹੱਟ ਸਜਾ।
ਹੱਥ ਚੁਆਨੀ ਫੜ ਕੇ, ਗਾਹਕ ਗਿਆ ਇੱਕ ਆ।
ਕਹਿੰਦਾ, ਸ਼ਾਹ ਜੀ ਦੱਸਿਓ! ਕੀ ਨੈਤਿਕਤਾ ਦਾ ਭਾਅ ?
ਸ਼ਾਹ ਕਹਿੰਦਾ ਇਹ ਤਾਂ ਹੈ ਨਹੀਂ, ਕੋਈ ਅਗਲੀ ਚੀਜ਼ ਬਤਾ !
ਸ਼ਾਹ ਜੀ ਆਦਰਸ਼ ਹੀ ਦੇ ਦਿਓ, ਮੈਨੂੰ ਅੱਧ ਕਿਲੋ ਜਾਂ ਪਾ।
ਇਹ ਵੀ ਇੱਥੇ ਹੈ ਨਹੀਂ, ਕਿਸੇ ਹੋਰ ਦੁਕਾਨ 'ਤੇ ਜਾਹ।
ਚਲੋ ਸ਼ਾਹ ਜੀ ਭਲਾਈ ਹੀ ਦੇ ਦਿਓ, ਮੈਨੂੰ ਬੋਰੀ ਦੇ ਵਿੱਚ ਪਾ।
ਸ਼ਾਹ ਕਹਿੰਦਾ ਕੰਮ ਦੀ ਗੱਲ ਕਰ, ਨਈਂ ਆਪਣਾ ਫੜ ਲੈ ਰਾਹ।

ਤੂੰ ਕਾਹਦਾ ਸ਼ਾਹੂਕਾਰ ਹੈਂ, ਕਿਉਂ ਬੈਠਾ ਮੰਡੀ ਆ?
ਕੋਈ ਸੌਦਾ ਤੇਰੇ ਕੋਲ ਨੀਂ, ਉੱਠ ਘਰ ਆਪਣੇ ਨੂੰ ਜਾਹ!

ਓਏ ਭੋਲਿਆ ਪੰਛੀਆ ਮੂਰਖਾ, ਨਾ ਗੁੱਸਾ ਮੈਨੂੰ ਚੜ੍ਹਾ।
ਜੇ ਸੌਦੇ ਇਹ ਤੂੰ ਭਾਲਦੈਂ, ਮੁੜ ਸਤਜੁਗ ਵੱਲ ਨੂੰ ਜਾਹ।
ਮੈਂ ਵੱਡੀ ਮੰਡੀ ਬੈਠਿਆ, ਹਾਂ ਵੱਡਾ ਸ਼ਾਹੂਕਾਰ।
ਮੈਨੂੰ ਵੇਖ ਕੇ ਕੀਮਤਾਂ ਕੰਬਦੀਆਂ, ਮੇਰਾ ਪਾਣੀ ਭਰੇ ਸਰਕਾਰ।
ਤੂੰ ਜੋ ਮੰਗੇਂ ਸੋ ਦੇ ਦਿਆਂ, 'ਕੇਰਾਂ ਆ ਖਾਂ ਵਿੱਚ ਬਾਜ਼ਾਰ।
ਤੈਨੂੰ ਮੰਤਰੀ ਵੀ ਮੁੱਲ ਦੇ ਦਿਆਂ, ਜੇ ਤੇਰੀ ਟੁੱਟਦੀ ਐ ਸਰਕਾਰ।
ਜੇ ਨਕਲ ਕਰਾਉਣੀ ਪੇਪਰੀਂ, ਆਹ ਮਾਸਟਰ ਲੈ ਜਾ ਚਾਰ।
ਜੇ ਗੁਰਦੇ ਕੱਢ ਕੇ ਵੇਚਣੇ, ਮੇਰੇ ਡਾਕਟਰ ਬੈਠੇ ਤਿਆਰ।
ਜੇ ਨਿੱਕਰ-ਨਾਚ ਕਰਾਵਣਾ, ਸੋਹਣੀ ਇੱਕ ਤੋਂ ਇੱਕ ਮੁਟਿਆਰ।
ਜੇ ਲੱਚਰ ਗੀਤ ਲਿਖਾਵਣੇ, ਬੈਠੇ ਲੇਖਕ ਬੇਸ਼ੁਮਾਰ।
ਕਿਸੇ ਫਿਲਮ ਦੇ ਬੋਲਡ ਸੀਨ ਲਈ, ਮੰਗੇਂ ਇੱਕ ਤਾਂ ਭੇਜਾਂ ਚਾਰ।
ਕਿਵੇਂ ਧਰਮ ਦੇ ਨਾਂ 'ਤੇ ਲੁੱਟਣਾ, ਕਿਵੇਂ ਦੱਬਣੀ ਕੋਠੀ-ਕਾਰ।
ਕਿਵੇਂ ਰਾਸ਼ੀ-ਟੇਵੇ ਵੇਖਣੇ, ਕਿਵੇਂ ਰਾਹੂ ਕਰਦਾ ਮਾਰ।
ਕਿਵੇਂ ਹੱਕ ਪਰਾਇਆ ਖਾਵਣਾ, ਬਣ ਕਲਯੁੱਗ ਦਾ ਅਵਤਾਰ।
ਮੈਂ ਕੁੱਖ 'ਚ ਕੁੜੀਆਂ ਮਾਰਦਾਂ, ਮੇਰੀ ਸਾਇੰਸ ਦੇ ਚਮਤਕਾਰ।
ਅਸਮਾਨੀ ਕੀਮਤਾਂ ਚਾੜ੍ਹਦਾਂ, ਕਰ ਵਸਤਾਂ ਦੇ ਭੰਡਾਰ।
ਜੇ ਤੈਂ ਜਾਅਲੀ ਨੋਟ ਚਲਾਵਣੇ, ਮੇਰੇ ਬੈਂਕ ਮੈਨੇਜਰ ਯਾਰ।
ਕਿਸੇ ਦੇਸ਼ ਨਾਲ ਜੰਗ ਜੇ ਲੜਨੀ,

ਤੈਨੂੰ ਮੁਫਤ ਦਿਉਂ ਹਥਿਆਰ।
ਤੇਰੇ ਸਿਰ ਕੋਈ ਕਤਲ ਜੇ ਪੈ ਗਿਆ,
ਮੇਰਾ ਜੱਜਾਂ ਨਾਲ਼ ਪਿਆਰ।
ਕੋਈ ਸ਼ਾਮਲਾਟ ਜੇ ਦੱਬਣੀ, ਸਾਡਾ ਘਰ ਦਾ ਹੈ ਪਟਵਾਰ।
ਉਹ ਵੋਟਰ ਵੀਰ ਵਿਕਾਊ ਨੇ, ਦੇਣੇ ਨਕਦ ਨਾ ਇੱਕ ਉਧਾਰ।
ਉਹ ਦਲ ਬਦਲਣ ਲਈ ਤਿਆਰ ਨੇ, ਜਨਤਾ ਦੇ ਪਹਿਰੇਦਾਰ।

ਇਹ ਕੁੱਝ ਕੁ ਵਸਤਾਂ ਦੱਸੀਆਂ, ਹਾਲੇ ਬਾਕੀ ਕਈ ਹਜ਼ਾਰ।
ਜੋ ਲੈਣਾ ਖੁੱਲ੍ਹ ਕੇ ਦੱਸ ਤੂੰ, ਸਾਡਾ ਸਿੱਧਾ ਜਿਹਾ ਵਪਾਰ!

ਕੁੱਝ ਨੈਤਿਕਤਾ, ਆਦਰਸ਼ ਕੁੱਝ, ਕੁੱਝ ਦਿਓ ਭਲਾਈ, ਪਿਆਰ,
ਬਾਕੀ ਤਾਂ ਸੌਦੇ ਸ਼ਾਹ ਜੀ, ਸਭ ਮੇਰੇ ਲਈ ਬੇਕਾਰ।

ਉਏ ਭੋਲਿਆ ਪੰਛੀਆ ਮੂਰਖਾ, ਕੁੱਝ ਹੱਥ ਅਕਲ ਨੂੰ ਮਾਰ।
ਛੜਿਆਂ ਘਰੋਂ ਅੱਗਾਂ ਭਾਲਦੈਂ, ਜਿਥੇ ਵਸੀ ਕਦੇ ਨਾ ਨਾਰ।
ਪੀ ਕੇ ਦੁੱਧ ਸੰਥੈਟਿਕ ਸੋਹਣਿਆ, ਦੱਸ ਆਉਂਦੇ ਕਦੋਂ ਡਕਾਰ ?

ਉਏ ਭੋਲਿਆ ਪੰਛੀਆ ਮੂਰਖਾ, ਕੁੱਝ ਹੱਥ ਅਕਲ ਨੂੰ ਮਾਰ।
ਤੈਨੂੰ ਮੇਰੇ ਦੇਸ਼ ਮਹਾਨ ਦਾ, ਕੀ ਪਤਾ ਨਹੀਂ ਕਿਰਦਾਰ ??

ਤੁਸੀਂ ਸ਼ਾਹ ਜੀ ਸੌਦਾ ਦੇਣ ਤੋਂ, ਭਾਵੇਂ ਕਰੀ ਜਾਵੋ ਇਨਕਾਰ,
ਪਰ ਮੇਰੇ ਦੇਸ਼ ਮਹਾਨ ਨੂੰ, ਕਿਉਂ ਪਾਉਂਦੇ ਹੋ ਫਿਟਕਾਰ!

ਉਏ ਭੋਲਿਆ ਪੰਛੀਆ ਮੂਰਖਾ,
ਮੈਂ ਤੇਰੀ ਸਮਝ ਗਿਆਂ ਗੁਫ਼ਤਾਰ,
ਤੂੰ ਤਾਂ ਬਲਵਿੰਦਰ ਹੀ ਸ਼ਾਹ ਨੂੰ, ਰਿਹੈਂ ਦਿਨੇ ਦਿਹਾੜੇ ਚਾਰ !
ਤੂੰ ਤਾਂ ਬਲਵਿੰਦਰ ਹੀ ਸ਼ਾਹ ਨੂੰ, ਰਿਹੈਂ ਦਿਨੇ ਦਿਹਾੜੇ ਚਾਰ !!

ਕੀ ਕਹਾਂ ਬਾਤ....

ਕੀ ਕਹਾਂ ਬਾਤ ਆਪਣੇ ਮੈਂ ਇਸ ਦੇਸ਼ ਦੀ,
ਇਥੇ ਉਲਟੀ ਹੀ ਗੰਗਾ ਚੱਲੀ ਦੋਸਤੋ,
ਵਾੜ ਖਾਂਦੀ ਹੈ ਨਿੱਤ ਇੱਥੇ ਆਪਣਾ ਹੀ ਖੇਤ,
ਇੱਥੇ ਚੋਰਾਂ ਨਾਲ਼ ਕੁੱਤੀ ਰਲ਼ੀ ਦੋਸਤੋ।

ਕੁੱਝ ਤਾਂ ਭੁੱਖ ਦੇ ਸਿਤਾਏ ਹੀ ਮਰਦੇ ਨੇ ਨਿੱਤ,
ਕੁੱਝ ਦਾ ਗਿਰੀਆਂ ਵੀ ਖਾਣੇ ਨੂੰ ਕਰਦਾ ਨਾ ਚਿੱਤ।
ਕੁੱਝ ਦੇ ਹੱਥਾਂ 'ਤੇ ਛਾਲੇ ਹਥੌੜੇ ਕਰੇ,
ਕੁੱਝ ਨੇ ਤਲੀਆਂ 'ਤੇ ਮਹਿੰਦੀ ਮਲ਼ੀ ਦੋਸਤੋ,
ਕੀ ਕਹਾਂ ਬਾਤ .... ।

ਹੈ ਮਹਿੰਗ ਬਹੁਤ ਮੰਡੀ, ਅਦਾਲਤ ਦੇ ਵਿੱਚ,
ਪੈਸੇ ਵਾਲ਼ੇ ਦੀ ਹੁੰਦੀ ਹੈ, ਹਰ ਥਾਂ ਹੀ ਜਿੱਤ।
ਦੋਵੇਂ ਪਾਸੇ ਉਜਾੜਾ, ਜਦ ਚੱਲਦੇ ਨੇ ਕੇਸ,
ਪਰ ਵਕੀਲਾਂ ਲਈ ਇਹੋ ਭਲੀ ਦੋਸਤੋ,
ਕੀ ਕਹਾਂ ਬਾਤ .... ।

ਹੈ ਸਿਆਸਤ ਪੁਲੰਦਾ ਤਾਂ ਝੂਠਾਂ ਦਾ ਬਸ,
ਇੱਥੇ ਆਪਣੇ ਹੀ ਆਪਣੇ ਨੂੰ ਜਾਂਦੇ ਨੇ ਡੱਸ।
ਆਪਣੀ ਹਊਮੇ ਲਈ ਜੰਗ ਦਾ ਵਜਾ ਕੇ ਬਿਗਲ,
ਭੋਲੀ ਜਨਤਾ ਦੀ ਦਿੰਦੇ ਬਲੀ ਦੋਸਤੋ,
ਕੀ ਕਹਾਂ ਬਾਤ .... ।

ਇੱਥੇ ਧਰਮਾਂ ਦੇ ਨਾਂ 'ਤੇ ਵੀ ਕੁਰਸੀ ਦੇ ਲਈ,
ਵੇਖੇ ਡਾਂਗਾਂ ਨਾਲ਼ ਲੜਦੇ, ਸਿਆਣੇ ਮੈਂ ਕਈ।
ਭਾਵੇਂ ਤਰਕਾਂ ਦਾ ਹਰ ਥਾਂ ਪਾਸਾਰਾ ਹੋਇਆ,
ਭਰੀ ਵਹਿਮਾਂ ਨਾਲ਼ ਹਰ ਇੱਕ ਗਲੀ ਦੋਸਤੋ,
ਕੀ ਕਹਾਂ ਬਾਤ .... ।

ਇੱਥੇ ਲਕਵੇ ਨੇ ਫਾਈਲਾਂ ਦੀ ਰੋਕੀ ਹੈ ਚਾਲ,
ਇੱਥੇ 'ਚਾਂਦੀ ਦੀ ਜੁੱਤੀ' ਦੀ ਸਭ ਨੂੰ ਹੈ ਭਾਲ।
ਇੱਥੇ ਵਿਰਲੇ ਜੋ ਬਦਲਣ ਹਵਾਵਾਂ ਦਾ ਰੁੱਖ,
ਬਹੁਤੀ ਜਨਤਾ ਹਵਾ ਸੰਗ ਢਲੀ ਦੋਸਤੋ,
ਕੀ ਕਹਾਂ ਬਾਤ .... ।

ਲੋਕੀ ਰਿਜ਼ਕਾਂ ਲਈ ਜਾਂਦੇ ਸਮੁੰਦਰਾਂ ਤੋਂ ਪਾਰ,
ਲੁੱਟੇ ਹੋਰਾਂ ਨੂੰ ਤੱਕ ਕੇ ਵੀ ਮੰਨਦੇ ਨਾ ਹਾਰ।
ਇੱਥੇ ਲੁੱਟਣ ਤੇ ਕੁੱਟਣ ਦੀ ਬੰਦਸ਼ ਨਹੀਂ,
ਇੱਥੇ ਔਰਤ ਤੇ ਇੱਜ਼ਤ ਜਲੀ ਦੋਸਤੋ,
ਕੀ ਕਹਾਂ ਬਾਤ .... ।

ਇਥੇ ਧੀਆਂ ਦੇ ਹੁੰਦੇ ਨੇ ਕੁੱਖ ਵਿੱਚ ਕਤਲ,
ਇਥੇ ਅੰਨ੍ਹੇ-ਵਾਹ ਪੱਛਮ ਦੀ ਹੁੰਦੀ ਨਕਲ।
ਇਥੇ ਪੈਸੇ ਲਈ ਜਿਸਮਾਂ ਦੀ ਹੁੰਦੀ ਨੁਮਾਇਸ਼,
ਮੁੱਕੇ ਖਿੜਨੇ ਤੋਂ ਪਹਿਲਾਂ ਕਲੀ ਦੋਸਤੋ,
ਕੀ ਕਹਾਂ ਬਾਤ .... ।

ਨਵਾਂ ਸਾਲ ਸਭ ਨੂੰ ਵਧਾਈਆਂ ਮਿੱਤਰੋ

ਨਵਾਂ ਸਾਲ ਸਾਰਿਆਂ ਲਈ ਚੜ੍ਹੇ ਸੁੱਖ ਦਾ,
ਭੁੱਲ ਕੇ ਵੀ ਵੇਖੇ ਨਾ ਕੋਈ ਮੂੰਹ ਦੁੱਖ ਦਾ,
ਹੋਣ ਦੇਸ਼ ਦੀਆਂ ਹੋਰ ਚੜ੍ਹਾਈਆਂ ਮਿੱਤਰੋ,
ਨਵਾਂ ਸਾਲ ਸਭ ਨੂੰ ਵਧਾਈਆਂ ਮਿੱਤਰੋ।

ਮੁਲਕਾਂ ਤੇ ਮਜ਼ਬਾਂ 'ਚ ਪਿਆਰ ਹੀ ਰਹੇ,
ਮਾਂ ਦਾ ਹਰ ਪਾਸੇ ਸਤਿਕਾਰ ਹੀ ਰਹੇ,
ਸੁਰਾਂ ਵਿੱਚ ਰਹਿਣ ਸ਼ਹਿਨਾਈਆਂ ਮਿੱਤਰੋ,
ਨਵਾਂ ਸਾਲ ਸਭ ਨੂੰ ਵਧਾਈਆਂ ਮਿੱਤਰੋ।

ਰੋਟੀ ਰੋਜ਼ੀ ਹਰ ਤਕਦੀਰ ਨੂੰ ਮਿਲੇ,
ਸੁਹਾ ਰੰਗ ਹਰ ਤਸਵੀਰ ਨੂੰ ਮਿਲੇ.
ਹੋਣ ਸੱਚ ਦੀਆਂ ਦੂਣੀਆਂ ਕਮਾਈਆਂ ਮਿੱਤਰੋ,
ਨਵਾਂ ਸਾਲ ਸਭ ਨੂੰ ਵਧਾਈਆਂ ਮਿੱਤਰੋ।

ਮੇਲੇ ਤੇ ਤਿਉਹਾਰ ਰਲ਼ ਕੇ ਮਨਾਵਾਂਗੇ,
ਆਈ ਜਦ ਵਿਸਾਖੀ, ਭੰਗੜੇ ਵੀ ਪਾਵਾਂਗੇ,
ਸਾਨੂੰ ਈਦ ਤੇ ਦਿਵਾ਼ਲੀ ਨਾ ਪਰਾਈਆਂ ਮਿੱਤਰੋ,
ਨਵਾਂ ਸਾਲ ਸਭ ਨੂੰ ਵਧਾਈਆਂ ਮਿੱਤਰੋ।

ਗੱਭਰੂ-ਜਵਾਨੋ, ਮੁਟਿਆਰੋ-ਕੁੜੀਓ,
ਨਸ਼ਿਆਂ ਤੇ ਫੈਸ਼ਨਾਂ ਦੇ ਵਿੱਚ ਰੁੜੀਓ,
ਛੱਡੋ ਪਰ੍ਹਾਂ ਆਤਮ-ਤਬਾਹੀਆਂ ਮਿੱਤਰੋ,
ਨਵਾਂ ਸਾਲ ਸਭ ਨੂੰ ਵਧਾਈਆਂ ਮਿੱਤਰੋ।

ਅਸੀਂ ਸੱਚ ਤੇ ਅਣਖ ਵਾਲ਼ਾ ਪਾਠ ਪੜ੍ਹਾਂਗੇ,
ਜ਼ੁਲਮਾਂ ਖਿਲਾਫ 'ਕੱਠੇ ਹੋ ਕੇ ਖੜ੍ਹਾਂਗੇ,
ਜਾਨਾਂ ਯੋਧਿਆਂ ਨੇ ਏਸੇ ਲਈ ਗਵਾਈਆਂ ਮਿੱਤਰੋ,
ਨਵਾਂ ਸਾਲ ਸਭ ਨੂੰ ਵਧਾਈਆਂ ਮਿੱਤਰੋ।

ਭਾਰਤ ਮਾਂ ਤੈਨੂੰ ਕਰਦੇ ਪਿਆਰ ਹਾਂ,
ਮਾਂ-ਬੋਲੀ ਤੇਰੇ ਵੀ ਕਰਜ਼ਦਾਰ ਹਾਂ,
ਦੋਹਾਂ ਬਿਨਾਂ ਸਰੇ ਨਾ ਸਚਾਈਆਂ ਮਿੱਤਰੋ,
ਨਵਾਂ ਸਾਲ ਸਭ ਨੂੰ ਵਧਾਈਆਂ ਮਿੱਤਰੋ।

ਸਾਗਰਾਂ ਤੋਂ ਪਾਰ ਬੈਠੇ ਭੈਣ-ਵੀਰਿਓ,
ਅਸੀਂ ਹਾਂ ਤੁਹਾਡੇ ਭੁੱਲਿਓ ਨਾ ਖੀਰਿਓ,
ਯਾਦਾਂ ਅਸੀਂ ਦਿਲਾਂ 'ਚ ਵਸਾਈਆਂ ਮਿੱਤਰੋ,
ਨਵਾਂ ਸਾਲ ਸਭ ਨੂੰ ਵਧਾਈਆਂ ਮਿੱਤਰੋ।

ਨਿੱਕਿਓ, ਜਵਾਨੋ, ਬਾਬਿਓ ਤੇ ਸੋਹਣਿਓ,
ਸਾਡੇ ਬਲਵਿੰਦਰ ਦਾ ਮਨ ਮੋਹਣਿਓ,
ਕਰਿਓ ਨਾ ਕੋਈ ਚਤੁਰਾਇਆਂ ਮਿੱਤਰੋ,
ਨਵਾਂ ਸਾਲ ਸਭ ਨੂੰ ਵਧਾਈਆਂ ਮਿੱਤਰੋ।

ਨਵੇਂ ਸਾਲ ਦਾ ਕਾਰਡ

ਕਾਰਡ ਨੂੰ ਉਲਟ-ਪੁਲਟ ਕਰਕੇ, ਤੂੰ ਇਹਦਾ ਮਿਆਰ ਨਾ ਵੇਖੀਂ,
ਇਹਦੇ ਅੱਖਰਾਂ ਦੇ ਵਿੱਚ ਗੁੰਦੇ, ਤੂੰ ਮੇਰੇ ਪਿਆਰ ਨੂੰ ਵੇਖੀਂ।

ਜੋ ਆਈਆਂ ਨੇ ਹਵਾਵਾਂ ਦੇ ਘਨ੍ਹੇੜੇ ਬੈਠ ਕੇ ਯਾਦਾਂ,
ਉਨ੍ਹਾਂ ਦੇ ਸਫਰ ਨੂੰ ਵੇਖੀਂ, ਮੇਰਾ ਕਿਰਦਾਰ ਨਾ ਵੇਖੀਂ।

ਵਿਖਾਵੇ ਦੇ ਹੀ ਮਿੱਤਰ ਨੇ, ਦਿਲੋਂ ਕਾਲ਼ੇ, ਮੂੰਹੋਂ ਮਿੱਠੇ,
ਇਨ੍ਹਾਂ ਦੇ ਕਰਮ ਨੂੰ ਵੇਖੀਂ, ਖਾਲੀ ਗੁੱਫ਼ਤਾਰ ਨਾ ਵੇਖੀਂ।

ਬੇਕਾਰੀ ਦੇ ਸਤਾਏ ਜਿਸਮ ਜੋ, ਨੱਚਦੇ ਸਟੇਜਾਂ 'ਤੇ,
ਉਨ੍ਹਾਂ 'ਚੋਂ ਭੈਣ, ਧੀ ਵੇਖੀਂ, ਲਿਸ਼ਕਦੀ ਨਾਰ ਨਾ ਵੇਖੀਂ।

ਚੋਗਾ ਪਾ ਕੇ, ਤਿਲਕ ਲਾ ਕੇ, ਜੇ ਕਰਨੀ ਧਰਮ ਦੀ ਸੇਵਾ,
ਕੋਈ ਮਜ਼ਬ, ਕੌਮ ਨਾ ਵੇਖੀਂ, ਸਾਰਾ ਸੰਸਾਰ ਹੀ ਵੇਖੀਂ।

ਸਰੋਂ ਦੇ ਤੇਲ ਵਿੱਚ ਤਲ਼ ਕੇ, ਹੱਥੀਂ ਪਾਇਆ ਹੈ ਬੇਬੇ ਨੇ,
ਸਾਡਾ ਆਚਾਰ ਤੂੰ ਵੇਖੀਂ, ਉਨ੍ਹਾਂ ਦਾ ਜਾਰ ਨਾ ਵੇਖੀਂ।

ਜੇ ਕਿਧਰੇ ਜ਼ੁਲਮ ਕੋਈ ਵੇਖੇਂ, ਤਾਂ ਸੱਚ ਦੀ ਚੀਕ ਇੱਕ ਮਾਰੀਂ,
ਲੋਕਾਂ ਦੇ ਦਰਦ ਨੂੰ ਵੇਖੀਂ, ਭੈੜੀ ਸਰਕਾਰ ਨਾ ਵੇਖੀਂ।

ਭਵ-ਸਾਗਰ ਪਾਰ ਕਰਾਵਣ ਦੇ, ਜੋ ਦਾਅਵੇ ਨਿੱਤ ਹੈ ਕਰਦਾ,
ਉਹਦਾ ਜਪ, ਤਪ ਤੇ ਸਤ ਵੇਖੀਂ, ਬਾਬੇ ਦੀ ਕਾਰ ਨਾ ਵੇਖੀਂ।

ਹੈ ਜੁੱਗ ਮਹਿੰਗਾਈ ਦਾ ਸੱਜਣਾ, ਵਧਾਈਆਂ ਕੀ ਕਹਾਂ ਤੈਨੂੰ,
ਨਹੀਂ ਘਟਿਆ ਭਾਅ ਚੀਨੀ ਦਾ, ਐਵੇਂ ਅਖ਼ਬਾਰ ਨਾ ਵੇਖੀਂ।

ਚੜ੍ਹੇ ਸੁੱਖ ਦਾ ਵਰ੍ਹਾ ਸਭ ਲਈ, ਮਿਲੇ ਰੋਟੀ ਤੇ ਰੋਜ਼ੀ ਵੀ,
ਤੇਰਾ ਹਰ ਖ਼ਾਬ ਸੱਚ ਹੋਵੇ, ਤੂੰ ਕਿਧਰੇ ਹਾਰ ਨਾ ਵੇਖੀਂ।

ਨਵੇਂ ਸਾਲ ਦੀਆਂ ਹੋਣ ਵਧਾਈਆਂ

ਸੁਪਨੇ ਸਭ ਦੇ ਸੱਚ ਹੋ ਜਾਵਣ,
ਤੰਗੀਆਂ-ਤੁਰਸ਼ੀਆਂ ਗੱਪ ਹੋ ਜਾਵਣ,
ਠੱਗ-ਚੋਰ ਸਭ ਨੱਪ ਹੋ ਜਾਵਣ,
ਸੱਚ ਦੀਆਂ ਹੋਣ ਚੜ੍ਹਾਈਆਂ,
ਨਵੇਂ ਸਾਲ ਦੀਆਂ ਹੋਣ ਵਧਾਈਆਂ।

ਹੱਥ ਨਾ ਅੱਡਣੇ ਪੈਣ ਲਾਚਾਰਾਂ,
ਕੰਮ ਮਿਲੇ ਸਭ ਬੇਰੁਜ਼ਗਾਰਾਂ,
ਰੋਟੀ ਭੁੱਖ ਦੀਆਂ ਭੰਨੇਂ ਠਾਰਾਂ,
ਸਭ ਨੂੰ ਜੁੜਨ ਰਜਾਈਆਂ,
ਨਵੇਂ ਸਾਲ ਦੀਆਂ ਹੋਣ ਵਧਾਈਆਂ।

ਛੱਡਣੇ ਪੈਣ ਨਾ ਵਤਨ ਪਿਆਰੇ,
ਗ਼ਮ ਖ਼ੁਸ਼ੀਆਂ 'ਤੇ ਪੈਣ ਨਾ ਭਾਰੇ,
ਸਭ ਦੇ ਹਿੱਸੇ ਆਉਣ ਨਜ਼ਾਰੇ,
ਸਜੀਆਂ ਰਹਿਣ ਕਲਾਈਆਂ,
ਨਵੇਂ ਸਾਲ ਦੀਆਂ ਹੋਣ ਵਧਾਈਆਂ।

ਰਿਸ਼ਵਤ-ਖੋਰੀ ਸੜ-ਮਰ ਜਾਵੇ,
ਬੇਈਮਾਨੀ ਨੂੰ ਲਕਵਾ ਖਾਵੇ,
ਝੂਠ ਨਗਰ 'ਤੇ ਪਰਲੋ ਆਵੇ,
ਸੁੱਚੀਆਂ ਹੋਣ ਕਮਾਈਆਂ,
ਨਵੇਂ ਸਾਲ ਦੀਆਂ ਹੋਣ ਵਧਾਈਆਂ।

ਧਰਮ ਨਾ ਨਫ਼ਰਤ ਵੰਡੀਆਂ ਪਾਵੇ,
ਪਿਆਰਾਂ ਨੂੰ ਕੋਈ ਅੱਗ ਨਾ ਲਾਵੇ,
ਦੁਸ਼ਟਾਂ ਨੂੰ ਰੱਬ ਆਪ ਮੁਕਾਵੇ,
ਸਾਂਝਾਂ ਹੋਣ ਸਵਾਈਆਂ,
ਨਵੇਂ ਸਾਲ ਦੀਆਂ ਹੋਣ ਵਧਾਈਆਂ।

ਖੇਤਾਂ ਵਿਚ ਕੋਈ ਅੱਗ ਨਾ ਲਾਵੇ,
ਗਲੀ-ਮੁਹੱਲੇ ਗੰਦ ਨਾ ਪਾਵੇ,
ਜਮ੍ਹਾਂ ਸਵੱਛ ਭਾਰਤ ਬਣ ਜਾਵੇ,
ਕਰਕੇ ਖ਼ੂਬ ਸਫਾਈਆਂ,
ਨਵੇਂ ਸਾਲ ਦੀਆਂ ਹੋਣ ਵਧਾਈਆਂ।

ਮਿਹਰ ਕਰੇ ਮੇਰੀ ਕੁਦਰਤ ਰਾਣੀ,
ਸ਼ੁੱਧ ਹਵਾ ਤੇ ਬਖਸ਼ੇ ਪਾਣੀ,
ਦੁੱਧ ਵਿਚ ਘੁੰਮਦੀ ਰਹੇ ਮਧਾਣੀ,
ਜਿਊਣ ਮਾਂਵਾਂ ਦੀਆਂ ਜਾਈਆਂ,
ਨਵੇਂ ਸਾਲ ਦੀਆਂ ਹੋਣ ਵਧਾਈਆਂ।

ਸੁੱਖ ਦੀ ਨੀਂਦ ਜਗਤ ਨੂੰ ਆਵੇ,
ਨਾ ਕੋਈ ਬੰਬ-ਮਿਜ਼ਾਇਲ ਡਰਾਵੇ,
ਨਾ ਮਾੜੇ ਨੂੰ ਤਕੜਾ ਢਾਹਵੇ,
ਹੋ ਜਾਣ ਸੁਲ੍ਹਾ-ਸਫਾਈਆਂ,
ਨਵੇਂ ਸਾਲ ਦੀਆਂ ਹੋਣ ਵਧਾਈਆਂ।

ਲੋਹੜੀ ਦਾ ਮਾਡਰਨ ਗੀਤ

ਲੋਹੜੀ ਬਈ ਲੋਹੜੀ,
ਥੋਡਾ ਮੁੰਡਾ ਚੜ੍ਹਿਆ ਪੌੜੀ।
ਪੌੜੀ ਚੜ੍ਹ ਕੇ ਕੋਠੇ ਜਾਊ।
'ਫੀਮ, ਭੁੱਕੀ ਤੇ ਡੋਡੇ ਖਾਊ।
ਬੁਲਟ ਪੂਰਾ ਤੇਜ਼ ਭਜਾਊ।
ਪਿੰਡ ਦੇ ਵਿੱਚ ਵੈਲੀ ਅਖਵਾਊ।
ਲੋਹੜੀ ਬਈ ਲੋਹੜੀ .....।

ਲੋਹੜੀ ਬਈ ਲੋਹੜੀ,
ਥੋਡਾ ਮੁੰਡਾ ਅਰਬ-ਕਰੋੜੀ।
ਵੱਡਾ ਹੋ ਕੇ ਟਿਕਟ ਇਹ ਮੰਗੂ।
ਨੇਤਾ ਬਣ ਨਾ ਭੋਰਾ ਸੰਗੂ।
ਨਾਲ਼ ਰਿਸ਼ਵਤਾਂ ਹੱਥ ਇਹ ਰੰਗੂ।
ਕਾਇਦੇ-ਕਾਨੂੰਨ ਇਹ ਛਿੱਕੇ ਟੰਗੂ।
ਜੇ ਕੋਈ ਇਹਦੇ ਮੂਹਰੇ ਖੰਘੂ,
ਉਹਨੂੰ ਵਾਂਗ ਨਾਗ ਦੇ ਡੰਗੂ।
ਲੋਹੜੀ ਬਈ ਲੋਹੜੀ .... ।

ਲੋਹੜੀ ਬਈ ਲੋਹੜੀ,
ਥੋਡੇ ਮੁੰਡੇ ਨੇ ਫੱਟੀ ਤੋੜੀ।
ਫੱਟੀ ਤੋੜ ਸਕੂਲ ਨਾ ਜਾਊ।
ਡੇਰਿਆਂ ਵਿੱਚ ਨਿੱਤ ਫੇਰੇ ਪਾਊ।
ਚਿਮਟਾ, ਢੋਲਕ ਖੂਬ ਵਜਾਊ।
ਲੰਮੇ-ਲੰਮੇ ਚੋਗੇ ਪਾਊ।
ਇੱਕ ਦਿਨ ਡੇਰਾ ਆਪ ਬਣਾਊ,
ਖੁਦ ਨੂੰ ਫਿਰ ਬਾਬਾ ਅਖਵਾਊ।
ਲੋਹੜੀ ਬਈ ਲੋਹੜੀ .....।

ਲੋਹੜੀ ਬਈ ਲੋਹੜੀ,
ਥੋਡੀ ਜੀਵੇ ਕੁੜੀਆਂ ਦੀ ਜੋੜੀ।
ਵੱਡੀਆਂ ਹੋ ਇਹ ਨਾਂ ਚਮਕਾਵਣ,
ਹੁਣ ਨਾ ਇਹ ਅਬਲਾ ਅਖਵਾਵਣ।
ਮੈਰਿਟਾਂ ਦੇ ਵਿੱਚ ਉਪਰ ਰਹਿੰਦੀਆਂ।
ਸਰਹੱਦਾਂ 'ਤੇ ਪਹਿਰਾ ਦਿੰਦੀਆਂ।
ਜੱਜ, ਵਕੀਲ ਤੇ ਡਾਕਟਰ ਬਣਦੀਆਂ,
ਹੁਣ ਨਾ ਈਨ ਕਿਸੇ ਤੋਂ ਮੰਨਦੀਆਂ।
ਕਿਰਨ, ਕਲਪਨਾ ਜਦ ਬਣ ਜਾਵਣ,
ਹਰ ਇੱਕ ਤੋਂ ਸਨਮਾਨ ਇਹ ਪਾਵਣ।
ਘਰ-ਪਰਿਵਾਰ, ਵਪਾਰ ਸੰਭਾਲ਼ਣ,
ਹਰ ਰਿਸ਼ਤੇ 'ਚੋਂ ਮੋਹ-ਨਿੱਘ ਭਾਲਣ।
ਲੋਹੜੀ ਬਈ ਲੋਹੜੀ ...।

ਲੋਹੜੀ ਕੁੜੀਆਂ ਦੀ ਖੁਸ਼ੀਆਂ ਨਾਲ਼ ਮਨਾਈਏ

ਅੰਮੜੀਏ ਨੀਂ ਕਰਮਾਂ ਵਾਲ਼ੀਏ ਨੀ,
ਸਾਡੀ ਮੰਨ ਲੈ ਵਧਾਈ।
ਖੁਸ਼ੀਆਂ ਨਾਲ਼ ਵਿਹੜਾ ਭਰ ਗਿਆ,
ਨੀਂ ਭਾਬੋ ਧੀ ਲੈ ਕੇ ਆਈ॥

ਬਾਬਲਾ ਵੇ, ਧਰਮੀ ਬਾਬਲਾ ਵੇ,
ਸਾਡੀ ਮੰਨ ਲੈ ਵਧਾਈ।
ਤੂੰ ਵੀ ਤਾਂ ਦਾਦਾ ਬਣ ਗਿਆ,
ਵੇ ਬਾਪੂ ਬਣ ਗਿਆ ਭਾਈ॥

ਵੀਰਿਆ ਵੇ, ਸੋਹਣੇ ਵੀਰਿਆ ਵੇ,
ਸਾਡੀ ਮੰਨ ਲੈ ਵਧਾਈ।
ਅੰਬਰਾਂ 'ਚ ਮਾਰੂ ਉਡਾਰੀਆਂ,
ਵੇ ਮੇਰੀ ਭਾਬੋ ਦੀ ਜਾਈ॥

ਭਾਬੀਏ ਨੀਂ, ਸੋਹਣੀ ਭਾਬੀਏ ਨੀਂ,
ਸਾਡੀ ਮੰਨ ਲੈ ਵਧਾਈ।
ਦਿਲ ਤੋਂ ਦਿਲਾਸੇ ਦੇਣ ਲਈ,
ਨੀਂ ਤੈਨੂੰ ਮਿਲ ਗਈ ਖੁਦਾਈ॥

ਨਾਨੀਏਂ ਨੀਂ, ਪਿਆਰੀ ਨਾਨੀਏਂ ਨੀਂ,
ਸਾਡੀ ਮੰਨ ਲੈ ਵਧਾਈ।
ਤੇਰੇ ਹੀ ਕਰਕੇ ਦੋਹਤੀ, ਦੋਹਤੜੇ,
ਤੈਂ ਸਾਡੀ ਭਾਬੀ ਜੇ ਜਾਈ॥

ਨਾਨਿਆਂ ਵੇ, ਧਰਮੀ ਨਾਨਿਆਂ ਵੇ,
ਸਾਡੀ ਮੰਨ ਲੈ ਵਧਾਈ।
ਕੁੜੀਆਂ ਦਾ ਬਾਬਲ ਬਣਨ ਦੀ,
ਤੈਂ ਚੰਗੀ ਰੀਤ ਇਹ ਪਾਈ॥

ਦਾਦੀ, ਦਾਦਾ ਰਲ਼ ਮਿਲ਼ ਨੱਚਣ,
ਨਾਲ਼ੇ ਚਾਚੀਆਂ, ਤਾਈਆਂ।
ਭੂਆ, ਫੁੱਫੜ, ਮਾਸੀਆਂ, ਮਾਸੜ,
ਵੀਰੇ ਤੇ ਭਰਜਾਈਆਂ।
ਨਾਨੀ, ਨਾਨਾ, ਮਾਮੀਆਂ, ਮਾਮੇ,
ਤੇ ਨਾਲ਼ ਉਹਨਾਂ ਦੀਆਂ ਜਾਈਆਂ।
ਡੋਰੀਏ ਨਾਲ਼ ਪਰਾਂਦੇ ਨੱਚਣ,
ਵੰਗਾਂ ਵੀਣੀ ਪਾਈਆਂ।
ਆ ਬਲਵਿੰਦਰਾ ਆਪਾਂ ਵੀ ਅੱਜ,
ਰਲ਼ ਮਿਲ਼ ਹੇਕਾਂ ਲਾਈਏ,
ਲੋਹੜੀ ਕੁੜੀਆਂ ਦੀ,
ਖੁਸ਼ੀਆਂ ਨਾਲ਼ ਮਨਾਈਏ,
ਲੋਹੜੀ ਕੁੜੀਆਂ ਦੀ,
ਖੁਸ਼ੀਆਂ ਨਾਲ਼ ਮਨਾਈਏ॥

ਲੋਹੜੀ ਦੀਆਂ ਬੋਲੀਆਂ

ਲੋਹੜੀ ਮੰਗਣ ਹਰ ਕੋਈ ਜਾਂਦਾ, ਅਸੀਂ ਵੀ ਮੰਗਣੀ ਲੋਹੜੀ,
ਕਿਸੇ ਦੇ ਧੀ ਨੇ ਜਨਮ ਲਿਆ ਤੇ ਕਿਸੇ ਦੇ ਬਣਗੀ ਜੋੜੀ।
ਧੀ ਨੇ ਪੜ੍ਹ ਲਿਖ ਪਾਈਲਟ ਬਣਨਾ, ਮੁੰਡੇ ਚੜ੍ਹਨੇ ਘੋੜੀ,
ਖਾਲੀ ਮੋੜੀਂ ਨਾ, ਪਾ ਖੁਸ਼ੀਆਂ ਨਾਲ ਲੋਹੜੀ,
ਖਾਲੀ ਮੋੜੀਂ ਨਾ....।

ਅੱਜ ਕੱਲ੍ਹ ਮੁੰਡੇ ਕੁੜੀਆਂ ਦੇ ਵਿਚ ਫਰਕ ਰਿਹਾ ਨਾ ਰੱਤੀ,
ਕੁੜੀਆਂ ਲਈ ਵੀ ਕਰਨ ਯੋਗ ਹੁਣ ਦੁਨੀਆ 'ਤੇ ਕੰਮ ਛੱਤੀ,
ਸਰਹੱਦਾਂ 'ਤੇ ਖੜ੍ਹਨ ਦੇਸ਼ ਨੂੰ ਹਵਾ ਨਾ ਲੱਗੇ ਤੱਤੀ,
ਪੜ੍ਹ ਲਿਖ ਕੁੜੀਆਂ ਨੇ ਪੂਣੀ ਗਿਆਨ ਦੀ ਕੱਤੀ,
ਪੜ੍ਹ ਲਿਖ ਕੁੜੀਆਂ ਨੇ....।

ਧੀ ਥੋਡੀ ਨੇ ਮੰਤਰੀ ਬਣਕੇ ਜੱਗ ਵਿਚ ਨਾਮ ਕਮਾਉਣਾ,
ਰਿਸ਼ਵਤ-ਖੋਰੀ, ਬੇਈਮਾਨੀ ਦਾ ਮਹਿਲ ਓਸ ਨੇ ਢਾਹੁਣਾ,
ਹਰ ਬੰਦੇ ਲਈ ਕੁੱਲੀ, ਗੁੱਲੀ, ਹਰ ਇੱਕ ਨੂੰ ਕੰਮ ਲਾਉਣਾ,
ਲੋਹੜੀ ਵੰਡ ਬਾਪੂ, ਉਹਨੇ ਤੇਰਾ ਨਾਂ ਚਮਕਾਉਣਾ,
ਲੋਹੜੀ ਵੰਡ ਬਾਪੂ....।

ਮੁੰਡਾ ਥੋਡਾ ਡੀ.ਸੀ ਲੱਗ ਕੇ ਪਿੰਡ ਵਿਚ ਝੰਡੀ ਗੱਡੂ,
ਗੁੰਡਿਆਂ ਤੇ ਬਦਮਾਸ਼ਾਂ ਦੇ ਉਹ ਗਿਣ ਗਿਣ ਕੇ ਚਿਬ ਕੱਢੂ,
ਸੱਚਿਆਂ ਦਾ ਉਹ ਬਣੂ ਸਹਾਰਾ, ਝੂਠਿਆਂ ਦੀ ਜੜ੍ਹ ਵੱਢੂ,
ਅੱਗੇ ਤਾਂ ਜਾਣਾ, ਸਾਨੂੰ ਜੇ ਦੇਵੋਗੇ ਲੱਡੂ,
ਅੱਗੇ ਤਾਂ ਜਾਣਾ.....।

ਕੁੜੀ ਤੁਹਾਡੀ ਮਾਂ ਬੋਲੀ ਨਾਲ਼ ਰੱਖੂ ਸਾਂਝਾਂ ਪਾ ਕੇ,
ਲੰਮੀ ਗੁੱਤ ਨਾਲ਼ ਸੂਟ ਪੰਜਾਬੀ, ਚੁੰਨੀ ਨੂੰ ਗਲ ਲਾ ਕੇ,
ਵਿਰਸੇ ਦਾ ਪ੍ਰਚਾਰ ਕਰੂਗੀ, ਫੇਸਬੁੱਕ 'ਤੇ ਜਾ ਕੇ,
ਲੱਸੀ ਮੰਗਿਆ ਕਰੂ, ਇੰਗਲੈਂਡੋਂ ਪਿੰਡ ਆ ਕੇ,
ਲੱਸੀ ਮੰਗਿਆ ਕਰੂ.....।

ਮੁੰਡਾ ਥੋਡਾ ਹਾਣ ਦਿਆਂ ਨੂੰ ਨਸ਼ੇ ਪੱਤੇ ਤੋਂ ਰੋਕੂ,
ਭਗਤ, ਸਰਾਭੇ, ਊਧਮ ਵਾਂਗੂੰ ਬੇਈਮਾਨਾਂ ਨੂੰ ਠੋਕੂ,
ਵਹਿਮ ਭਰਮ ਨੂੰ ਖਤਮ ਕਰਨ ਲਈ ਝੂਠ-ਪਾਖੰਡ ਨੂੰ ਟੋਕੂ,
ਜੱਗ ਰੁਸ਼ਨਾਉਣ ਲਈ, ਹਿੰਮਤ ਆਪਣੀ ਝੋਕੂ,
ਜੱਗ ਰੁਸ਼ਨਾਉਣ ਲਈ.....।

ਹੁਣ ਬਲਵਿੰਦਰਾ ਲੋਹੜੀ ਵੰਡਣ ਵਾਲੇ ਲੋਕ ਬਥੇਰੇ,
ਹੁਣ ਪੁੱਛਣ ਦੀ ਲੋੜ ਨੀਂ ਮੁੰਡਾ ਜੰਮਿਆ ਹੈ ਘਰ ਕਿਹੜੇ,
ਹੁਣ ਤਾਂ ਜੱਗ ਨੇ ਮੇਟ ਦਿੱਤੇ ਨੇ ਕੁੜੀ-ਮੁੰਡੇ ਦੇ ਝੇੜੇ,
ਜਿਸ ਘਰ ਜੀਅ ਆਇਆ, ਲਾ ਲਓ ਉਥੇ ਡੇਰੇ,
ਜਿਸ ਘਰ ਜੀਅ ਆਇਆ.....।

ਵਿਸਾਖੀ ਮੁਬਾਰਕ

ਕਣਕਾਂ ਦੀਆਂ ਬੱਲੀਆਂ ਪੱਕੀਆਂ ਨੇ,
ਖੁਸ਼ ਵੇਖ ਵੇਖ ਕੇ ਜੱਟੀਆਂ ਨੇ,
ਬਾਪੂ ਨੇ ਬੇੜਾਂ ਵੱਟੀਆਂ ਨੇ,
ਦਾਣਿਆਂ ਦੇ ਬੋਹਲ ਲਗਾਵਾਂਗੇ,
ਕੁਦਰਤ ਦਾ ਸ਼ੁਕਰ ਮਨਾਵਾਂਗੇ,
ਰਲ਼ ਮਿਲ਼ ਕੇ ਭੰਗੜਾ ਪਾਵਾਂਗੇ।

ਕੁੱਝ ਨਾਲ਼ ਕੰਬਾਇਨ ਕਟਾ ਛੱਡੀਏ,
ਕੁੱਝ ਦਾਤੀਆਂ ਨਾਲ਼ ਵਢਾ ਛੱਡੀਏ,
ਤੂੜੀ ਦੇ ਕੁੱਪ ਬੰਨ੍ਹਵਾ ਛੱਡੀਏ,
ਫਿਰ ਵਿਹਲੇ ਬਹਿ ਕੇ ਖਾਵਾਂਗੇ,
ਕੁਦਰਤ ਦਾ ਸ਼ੁਕਰ ਮਨਾਵਾਂਗੇ,
ਰਲ਼ ਮਿਲ਼ ਕੇ ਭੰਗੜਾ ਪਾਵਾਂਗੇ।

ਕੁੱਝ ਘਰ ਰੱਖਾਂਗੇ ਖਾਣ ਲਈ,
ਕੁੱਝ ਮੰਡੀ ਵਿੱਚ ਕਮਾਉਣ ਲਈ,
ਸਭ ਲੈਣਾ-ਦੇਣਾ ਲਾਹੁਣ ਲਈ,
ਫਿਰ ਕੁੱਝ ਦਿਨ ਸ਼ਾਹ ਅਖਵਾਂਗੇ,
ਕੁਦਰਤ ਦਾ ਸ਼ੁਕਰ ਮਨਾਵਾਂਗੇ,
ਰਲ਼ ਮਿਲ਼ ਕੇ ਭੰਗੜਾ ਪਾਵਾਂਗੇ।

ਗਲ਼ ਕੈਂਠਾ, ਪੱਗ ਸਜਾ ਸੱਜਣਾ,
ਬੰਨ੍ਹ ਚਾਦਰਾ, ਕੁੜਤਾ ਪਾ ਸੱਜਣਾ,
ਨਾਲ਼ੇ ਤੇਲ ਡਾਂਗ ਨੂੰ ਲਾ ਸੱਜਣਾ,
ਫਿਰ ਮੇਲਾ ਵੇਖਣ ਜਾਵਾਂਗੇ,
ਕੁਦਰਤ ਦਾ ਸ਼ੁਕਰ ਮਨਾਵਾਂਗੇ,
ਰਲ਼ ਮਿਲ਼ ਕੇ ਭੰਗੜਾ ਪਾਵਾਂਗੇ।

ਹੋਲੀ ਹੈ.....

ਮਨ ਦੇ ਮੰਦਰ ਘੁੱਪ ਹਨੇਰਾ।
ਸੁੰਨਾ ਹੈ ਚਾਵਾਂ ਦਾ ਵਿਹੜਾ।
ਕੱਪੜੇ ਰੰਗ ਕੇ ਕੁੱਝ ਨੀਂ ਮਿਲਣਾ,
ਆ ਮਨ ਵੀ ਅੱਜ ਰੰਗੀਏ।
ਹੋਲੀ ਹੈ,
ਹੋਲੀ ਹੈ, ਯਾਰਾ ਹੋਲੀ ਹੈ,
ਆ ਸਭ ਦੀ ਸੁੱਖ ਮੰਗੀਏ।

ਰਾਹਗੀਰਾਂ ਨੂੰ ਤੰਗ ਨਹੀਂ ਕਰਨਾ।
ਚੈਨ ਕਿਸੇ ਦਾ ਭੰਗ ਨਹੀਂ ਕਰਨਾ।
ਖੱਬੇ ਪਾਸੇ ਹਸਪਤਾਲ ਹੈ,
ਆ ਚੁੱਪ ਕਰਕੇ ਲੰਘੀਏ।
ਹੋਲੀ ਹੈ,
ਹੋਲੀ ਹੈ, ਯਾਰਾ ਹੋਲੀ ਹੈ,
ਆ ਸਭ ਦੀ ਸੁੱਖ ਮੰਗੀਏ।

ਟੈਂਪੂ ਦੇ ਵਿੱਚ ਵੀਰ ਤੇ ਮਾਈਆਂ।
ਭੋਗ 'ਤੇ ਚੱਲੀਆਂ ਜਾਂ ਮਰਗ ਤੋਂ ਆਈਆਂ।
ਪਤਾ ਨਹੀਂ ਕਿਸ ਬਿਪਤਾ ਵਿੱਚ ਨੇ?
ਆ ਥੋੜ੍ਹਾ ਜਿਹਾ ਸੰਗੀਏ।
ਹੋਲੀ ਹੈ,
ਹੋਲੀ ਹੈ, ਯਾਰਾ ਹੋਲੀ ਹੈ,
ਆ ਸਭ ਦੀ ਸੁੱਖ ਮੰਗੀਏ।

ਉਹ ਵੀ ਭੈਣ ਕਿਸੇ ਦੀ ਹੋਣੀ,
ਰੰਗ ਪਾ ਕੇ ਆਪਾਂ ਨਹੀਂ ਭਿਓਣੀ।
ਦੇਸ਼ ਮੇਰੇ ਦੀਆਂ ਰਹੁ-ਰੀਤਾਂ ਨੂੰ,
ਨਾ ਛਿੱਕੇ 'ਤੇ ਟੰਗੀਏ।
ਹੋਲੀ ਹੈ, ਯਾਰਾ ਹੋਲੀ ਹੈ,
ਆ ਸਭ ਦੀ ਸੁੱਖ ਮੰਗੀਏ।

ਸ਼ਰਮੇ ਕੇ ਨਵੀਂ ਭਾਬੀ ਆਈ।
ਗਰੇਵਾਲਾਂ ਦੇ ਸੀ ਕੁੜਮਾਈ।
ਖਾਨ ਚਾਚੂ ਦੇ ਘਰ ਸੀ ਲੋਹੜੀ।
ਰਮਨ ਮਸੀਹ ਨੇ ਲਿਆਂਦੀ ਘੋੜੀ।
ਆ ਸਭਨਾਂ ਦੇ ਬੂਹੇ ਜਾ ਕੇ,
ਖੁਸ਼ੀਆਂ ਦੇ ਫੁੱਲ ਟੰਗੀਏ,
ਹੋਲੀ ਹੈ,
ਹੋਲੀ ਹੈ, ਯਾਰਾ ਹੋਲੀ ਹੈ,
ਆ ਸਭ ਦੀ ਸੁੱਖ ਮੰਗੀਏ।

ਰਲ਼ ਮਿਲ਼ ਸਾਰੇ ਭੰਗੜੇ ਪਾਈਏ।
ਢੋਲ ਵਜਾਈਏ, ਨੱਚੀਏ-ਗਾਈਏ।
ਅਹੁਦੇ-ਰੁਤਬੇ ਭੁੱਲ-ਭੁਲਾ ਕੇ,
ਹਰ ਬੰਦੇ ਨੂੰ ਗਲ਼ ਨਾਲ਼ ਲਾਈਏ।
ਰੋਸੇ, ਸ਼ਿਕਵੇ, ਝੇੜੇ ਛੱਡ ਕੇ,
ਯਾਰ ਦੀ ਖੰਘ ਵਿੱਚ ਖੰਘੀਏ,
ਹੋਲੀ ਹੈ,
ਹੋਲੀ ਹੈ, ਯਾਰਾ ਹੋਲੀ ਹੈ,
ਆ ਸਭ ਦੀ ਸੁੱਖ ਮੰਗੀਏ।

ਕਿਸਮਤ

ਇਹ ਸਾਡੀ ਕਿਸਮਤ ਦੇ ਕੜਛੇ।
ਇਹ ਸਾਡੇ ਕਰਮਾਂ ਦਾ ਫ਼ਲ।
ਮੁੱਢ-ਕਦੀਮੋਂ ਪੂੰਜੀਪੱਤੀਆਂ,
ਇਹ ਸਾਨੂੰ ਸਮਝਾਈ ਗੱਲ।
ਇਹ ਸਾਡੀ ਕਿਸਮਤ ਦੇ ਕੜਛੇ।
ਇਹ ਸਾਡੇ ਕਰਮਾਂ ਦਾ ਫ਼ਲ।

ਨਾ ਕੋਈ ਸਾਡੀਆਂ ਜਾਇਦਾਦਾਂ ਨੇ।
ਨਾ ਕੋਈ ਸਾਡੇ ਬੈਂਕ-ਬਕਾਏ।
ਨਾ ਕੋਈ ਸਾਡੀਆਂ ਮਹਿਲ-ਮਾੜੀਆਂ।
ਨਾ ਉਦਯੋਗ ਅਸਾਂ ਕੋਈ ਲਾਏ।
ਖਾਲੀ ਖੀਸੇ ਗੁੜਤੀ ਲੀਤੀ।
ਖਾਲੀ ਖੀਸੇ ਜੋਬਨ ਪੀਤੀ।
ਖਾਲੀ ਖੀਸੇ ਬੁੱਢੇ ਹੋਏ।
ਖਾਲੀ ਖੀਸੇ ਸਾਨੂੰ ਰੋਏ।
ਸ਼ਾਮਾਂ ਤੀਕਰ ਜੋ ਵੀ ਖੱਟਿਆ,
ਸ਼ਾਮਾਂ ਨੂੰ ਹੀ ਜਾਂਦਾ ਚੱਲ।
ਇਹ ਸਾਡੀ ਕਿਸਮਤ ਦੇ ....

ਨਾ ਕੋਈ ਪੁੱਛ ਸਰਕਾਰੇ ਸਾਡੀ।
ਨਾ ਕੋਈ ਪੁੱਛ ਦਰਬਾਰੇ ਸਾਡੀ।
ਨਾ ਕੋਈ ਸਾਨੂੰ ਮੰਦਰੀਂ ਪੁੱਛਦਾ।
ਨਾ ਕੋਈ ਪੁੱਛ ਗੁਰਦਵਾਰੇ ਸਾਡੀ।
ਪੈਸੇ ਵਾਲੇ ਹੀ ਹਰ ਪਾਸੇ,
ਲੀਡਰੀਆਂ ਨੇ ਲੈਂਦੇ ਮੱਲ।
ਇਹ ਸਾਡੀ ਕਿਸਮਤ ਦੇ ਕੜਛੇ।
ਇਹ ਸਾਡੇ ਕਰਮਾਂ ਦਾ ਫ਼ਲ।

ਖੱਦਰ ਹਿੱਸੇ ਸਾਡੇ ਆਇਆ।
ਕਦੇ ਨਾ ਰੇਸ਼ਮ, ਪੱਟ ਹੰਢਾਇਆ।
ਪਾਣੀ ਵੀ ਸਾਨੂੰ ਰੱਜ ਨਾ ਮਿਲਦਾ।
ਭੁੱਖਾਂ ਨੇ ਸਾਨੂੰ ਤੜਫਾਇਆ।

ਪਰ
ਭਾਵੇਂ ਸਾਡੇ ਕੁੱਝ ਨੀ ਪੱਲੇ,
ਤਾਂ ਵੀ ਸਾਡੀਆਂ ਮੌਜਾਂ-ਈ-ਮੌਜਾਂ।
ਥਾਂ-ਥਾਂ ਸਾਡੇ ਯਾਰ ਬੜੇ ਨੇ।
ਥਾਂ-ਥਾਂ ਸਾਡੀਆਂ ਫ਼ੌਜਾਂ-ਈ-ਫ਼ੌਜਾਂ।
ਯਾਰ ਭਾਵੇਂ ਤੰਗੀਆਂ ਦੇ ਮਾਰੇ,
ਯਾਰ ਭਾਵੇਂ ਜ਼ਿੰਦਗੀ ਤੋਂ ਹਾਰੇ,
ਫਿਰ ਵੀ ਹਰ ਪਲ ਖ਼ੁਸ਼ ਰਹਿੰਦੇ ਨੇ,
ਭਾਈਚਾਰੇ ਵਿੱਚ ਬਹਿੰਦੇ ਨੇ।
ਹਊਮੇ ਦਾ ਨਾ ਰੋਗ ਅਸਾਨੂੰ।
ਨਾ ਟੈਨਸ਼ਨ, ਨਾ ਸੋਗ ਅਸਾਨੂੰ।
ਨਾ ਕੋਈ ਸਾਨੂੰ ਕੈਂਸਰ ਹੋਵੇ।
ਸ਼ੂਗਰ ਸਾਡੇ ਸਿਰ ਨਾ ਚੋਵੇ।
ਹਾਰਟ ਅਟੈਕ ਨਾ ਬੀ.ਪੀ. ਚੜ੍ਹਦਾ।
ਡੇਂਗੂ ਸਾਡੇ ਘਰ ਨਾ ਵੜਦਾ।
ਮੱਛਰ ਸਾਡੇ ਲੜ ਕੇ ਮਰਦਾ।
ਸਵਾਇਨ ਫਲੂ ਸਾਡੇ ਕੋਲ਼ ਨਾ ਖੜ੍ਹਦਾ।
ਆਪਣੀ ਮੌਤ ਆਈ 'ਤੇ ਮਰੀਏ।
ਪਲ-ਪਲ ਮੌਤੋਂ ਮੂਲ ਨਾ ਡਰੀਏ।
ਸਾਨੂੰ ਤਾਂ ਭਾਈ ਮੌਜਾਂ-ਈ-ਮੌਜਾਂ।
ਹਰ ਪਾਸੇ ਵੱਲ ਸਾਡੀਆਂ ਫ਼ੌਜਾਂ।

ਫੌਜਾਂ ਨੇ ਜਦ ਪੜ੍ਹ-ਲਿਖ ਜਾਣਾ।
ਸੁਘੜ ਹੋਊ ਸਾਡਾ ਹਰ ਇੱਕ ਇੰਵਾਣਾ।
ਏਕੇ ਦਾ ਇੱਕ ਹਾਰ ਬਣਾ ਕੇ।
ਸੰਘਰਸ਼ਾਂ ਨੂੰ ਦਿਲਦਾਰ ਬਣਾ ਕੇ।
ਨੇਰ੍ਹਿਆਂ ਨੂੰ ਉਹ ਨਿਗਲ ਜਾਣਗੇ।
ਜ਼ੁਲਮ ਦੇ ਪਰਬਤ ਪਿਘਲ ਜਾਣਗੇ।
ਸੱਚ ਦੀ ਘੋੜੀ ਇੱਕ ਸਜਾ ਕੇ।
ਛੈਣੇ, ਵਾਜੇ, ਢੋਲ ਵਜਾ ਕੇ।
ਵੱਡੀ ਫੌਜ ਬਰਾਤ ਬਣਾ ਕੇ।
ਪੂੰਜੀਪੱਤੀਆਂ ਦੇ ਘਰ ਜਾ ਕੇ।
ਹੱਕਾਂ ਦੀ ਉਹ ਮੰਗ ਕਰਨਗੇ।

ਫਿਰ ਨਾ ਭੋਰਾ ਸੰਗ ਕਰਨਗੇ।
ਜਾਇਦਾਦਾਂ ਵਿੱਚ ਸਾਡਾ ਹਿੱਸਾ।
ਸੋਨਾ, ਚਾਂਦੀ, ਪੈਸਾ, ਸਿੱਕਾ,
ਬੈਂਕ-ਬਕਾਏ, ਮਹਿਲ-ਮਾੜੀਆਂ,
ਸਨਅਤਾਂ ਨਿੱਕੀਆਂ, ਭਾਵੇਂ ਭਾਰੀਆਂ,
ਲੀਡਰੀਆਂ ਤੇ ਅਫ਼ਸਰੀਆਂ ਵਿੱਚ,
ਹੋਵਣਗੇ ਫਿਰ ਸਾਡੇ ਹਿੱਸੇ।
ਲਿਖੇ ਜਾਣਗੇ ਫਿਰ ਤੋਂ ਕਿੱਸੇ।
ਸਾਡੇ ਪੀ.ਐੱਮ. ਕਾਹਤੋਂ ਲਿੱਸੇ?

ਸੱਚ ਦੇ ਸੂਰਜ ਨੇ ਫਿਰ ਚੜ੍ਹਨਾ।
ਨਾਗ ਭੁੱਖ ਦਾ ਫਿਰ ਨਾ ਲੜਨਾ।
ਕਰਮ ਅਸਾਡੇ ਧਰਮ ਬਣਨਗੇ।
ਧਰਮਾਂ ਨੇ ਪਿੱਛੇ ਹੋ ਖੜ੍ਹਨਾ।
ਫਿਰ ਹਰ ਪਾਸੇ ਮੌਜਾਂ-ਈ-ਮੌਜਾਂ।
ਹਰ ਪਾਸੇ ਫਿਰ ਸਾਡੀਆਂ ਫ਼ੌਜਾਂ।

ਪਰ, ਏਕੇ ਬਿਨ ਕੁੱਝ ਨੀਂ ਬਣਨਾ।
ਲਾੜਾ ਘੋੜੀ ਨਹੀਓਂ ਚੜ੍ਹਨਾ।
ਬਿਨਾਂ ਬਰਾਤੋਂ ਘੋੜੀ ਕਾਹਦੀ?
ਬਿਨਾਂ ਬਰਾਤੋਂ ਜੋੜੀ ਕਾਹਦੀ?
ਕੰਧਾਂ ਬਾਝੋਂ ਛੱਤ ਕਿਸ ਕੰਮ ਦੀ?
ਬਿਨਾਂ ਛੱਤ ਤੋਂ ਪੌੜੀ ਕਾਹਦੀ?
ਆਖ਼ਰ ਇਹ ਦਿਨ ਆਉਣਾ ਈ ਆਉਣਾ।
ਸੱਚ ਦਾ ਸੂਰਜ ਚੜ੍ਹ ਕੇ ਰਹਿਣਾ।
ਪੂੰਜੀਪੱਤੀਆਂ ਨੇ ਕੁਰਲਾਉਣਾ।
ਭੱਜ-ਭੱਜ ਉਹਨਾਂ ਬਾਹਰ ਨੂੰ ਆਉਣਾ।
ਕੰਧਾਂ ਦੇ ਵਿੱਚ ਸਿਰ ਟਕਰਾਉਣਾ।
ਪਰ ਫਿਰ ਹੱਥ ਨਾ ਕੁੱਝ ਵੀ ਆਉਣਾ।
ਫਿਰ ਹੋਵਣਗੀਆਂ ਮੌਜਾ-ਈ-ਮੌਜਾਂ,
ਹਰ ਪਾਸੇ ਵੱਲ ਸਾਡੀਆਂ ਫ਼ੌਜਾਂ।

ਪੜ੍ਹੋ, ਜੁੜੋ, ਸੰਘਰਸ਼ ਕਰੋ ਭਾਈ।
ਇਹਦੇ ਬਿਨ ਨਾ ਹੋਣਾ ਹੱਲ।
ਨਾ ਇਹ ਸਾਡੀ ਕਿਸਮਤ ਦੇ ਕੜਛੇ।
ਨਾ ਇਹ ਸਾਡੇ ਕਰਮਾਂ ਦਾ ਫ਼ਲ।
ਮੁੱਢ-ਕਦੀਮੋਂ ਪੂੰਜੀਪੱਤੀਆਂ।
ਵਰਗ ਮੇਰੇ ਨਾਲ਼ ਕੀਤਾ ਛੱਲ।
ਨਾ ਇਹ ਸਾਡੀ ਕਿਸਮਤ ਦੇ ਕੜਛੇ।
ਨਾ ਇਹ ਸਾਡੇ ਕਰਮਾਂ ਦਾ ਫ਼ਲ।

ਮਾਂਏ ਨੀਂ ਮਾਂਏ

ਮਾਂਏ ਨੀ ਮਾਂਏ,
ਮੈਨੂੰ ਸਾਡਿਆਂ ਗੁਨਾਹਾਂ ਵਾਲ਼ੀ,
ਰੱਤੀ ਸਮਝ ਨਾ ਆਏ,
ਕਿਸ ਨੇ ਸਾਡੇ ਹਾਸੇ ਲੁੱਟੇ,
ਕਿਸ ਨੇ ਚੈਨ ਚੁਰਾਏ?

ਮਾਂਏ ਨੀ ਮਾਂਏ,
ਇਹਨਾਂ ਮਹਿਲਾਂ ਅਤੇ ਮਾੜੀਆਂ ਨੂੰ,
ਹੋਂਦ ਸਾਡੀ ਮੂਲ ਕਿਉਂ ਨਾ ਭਾਏ?
ਏਸ ਮੁਹੱਲੇ ਦਾ ਪੱਤਾ ਪੱਤਾ ਸਾਡੇ ਸੰਗ ਖਾਰ ਕਿਉਂ ਖਾਏ?

ਮਾਂਏ ਨੀ ਮਾਂਏ,
ਮੇਰੇ ਸਾਥੀਆਂ ਦਾ ਪੂਰ ਸਾਰਾ,
ਨੰਗੇ ਪੈਰੀਂ ਪੜ੍ਹਨੇ ਕਿਉਂ ਜਾਏ?
ਬਸਤੇ 'ਚ ਹੈ ਨਈਂਓਂ,
ਕਲਮ, ਦਵਾਤ, ਫੱਟੀ,
ਡਰ ਡਰ ਵਕਤ ਲੰਘਾਏ।

ਮਾਂਏ ਨੀ ਮਾਂਏ,
ਤੇਰੇ ਤਨ ਵਾਲ਼ੇ ਕੱਪੜੇ ਨੂੰ,
ਦੱਸ ਕਿਹੜੀ ਟਿੱਡੀ ਨਿੱਤ ਖਾਏ?
ਜਿਹੜੇ ਮਹਿਲੀਂ ਲਾਂਵਦੀ ਏਂ ਪੋਚਾ ਨਿੱਤ ਅੰਮੀਏ ਤੂੰ,
ਉਥੇ ਬੀਬੀ ਪੱਟ ਕਿਉਂ ਹੰਢਾਏ?

ਮਾਂਏ ਨੀ ਮਾਂਏ,
ਮੇਰੇ ਬਾਪੂ ਦਿਆਂ ਗੋਡਿਆਂ 'ਚੋਂ,
ਕਿਹੜੀ ਚੀਜ਼ ਮੁੱਕ-ਮੁੱਕ ਜਾਏ?
ਰਿਕਸ਼ੇ ਦੇ ਉੱਤੇ ਲੱਦ,
ਹਾਥੀ ਜਿਹੇ ਭਾਰੀ ਸ਼ਾਹ ਨੂੰ,
ਦੱਸ ਕਿਵੇਂ ਰਿਕਸ਼ਾ ਭਜਾਏ?

ਮਾਂਏ ਨੀ ਮਾਂਏ,
ਮੇਰੀ ਭੈਣ ਦਿਆਂ ਮੋਢਿਆਂ ਤੋਂ,
ਕਿਹੜਾ ਨਿੱਤ ਚੁੰਨੀ ਸਰਕਾਏ?
ਜ਼ਾਲਮਾਂ, ਦਰਿੰਦਿਆਂ ਤੇ ਦੁਸ਼ਟਾਂ, ਹਰਾਮੀਆਂ ਤੋਂ,
ਉਹ ਦੱਸ ਕਿਵੇਂ ਇੱਜ਼ਤਾਂ ਬਚਾਏ?

ਮਾਂਏ ਨੀ ਮਾਂਏ,
ਮੇਰੇ ਦੇਸ਼ ਦਿਆਂ ਲੀਡਰਾਂ ਦੀ,
ਭੁੱਖ-ਪਿਆਸ ਕਿਵੇਂ ਕੋਈ ਬੁਝਾਏ?
ਜਨਤਾ ਗਰੀਬੜੀ ਦਾ ਤਿੱਪ-ਤਿੱਪ ਖ਼ੂਨ ਚੂਸ,
ਫੇਰ ਵੀ ਉਹ ਰਹਿੰਦੇ ਕਿਉਂ ਤਿਹਾਏ?

ਮਾਂਏ ਨੀ ਮਾਂਏ,
ਮੈਨੂੰ ਤੇਰੇ ਇਹ ਸਮਾਜ ਵਾਲਾ,
ਰੱਤੀ ਵੀ ਅਸੂਲ ਕੋਈ ਨਾ ਭਾਏ,
ਦੱਸ ਬਲਵਿੰਦਰ ਨੂੰ ਦੁਨੀਆ ਦੇ ਟੋਏ-ਟਿੱਬੇ,
ਕਿਸ ਵਿਧ ਜਾਣਗੇ ਮਿਟਾਏ?

ਨਿੱਕੇ ਨਿੱਕੇ ਬਾਲ ਢਾਬਿਆਂ 'ਤੇ ਰੁਲ਼ਦੇ

ਨਿੱਕੇ ਨਿੱਕੇ ਬਾਲ ਢਾਬਿਆਂ 'ਤੇ ਰੁਲ਼ਦੇ,
ਅੱਖਾਂ ਸਾਡੀਆਂ ਨੂੰ ਸ਼ਰਮਾਂ ਨਾ ਆਉਂਦੀਆਂ।
ਰੂੜੀਆਂ 'ਤੇ ਬੱਚੇ ਲੇਖਾਂ ਨੂੰ ਫਰੋਲ਼ਦੇ,
ਸਰੂ ਜਿਹੀਆਂ ਕੁੜੀਆਂ ਸਟੇਜੀਂ ਗਾਉਂਦੀਆਂ।
ਨਿੱਕੇ ਨਿੱਕੇ ਬਾਲ ਢਾਬਿਆਂ 'ਤੇ ਰੁਲ਼ਦੇ .....।

ਸਾਂਭਿਆ ਨੀਂ ਜਾਂਦਾ ਸਾਥੋਂ ਬੇਰੁਜ਼ਗਾਰੀ ਨੂੰ,
ਕਾਂਗਰਸ ਘਾਹ ਦੇ ਵਾਂਗੂੰ ਫੈਲਦੀ ਬੇਕਾਰੀ ਨੂੰ।
ਪਾਪੀ ਪੇਟ ਭੁੱਖਾ ਚੰਗਿਆੜਾਂ ਮਾਰਦਾ,
ਤਾਂਹੀਓਂ ਤਾਂ ਉਹ ਮੰਡੀ ਜਿਸਮਾਂ ਦੀ ਲਾਉਂਦੀਆਂ,
ਨਿੱਕੇ ਨਿੱਕੇ ਬਾਲ ਢਾਬਿਆਂ 'ਤੇ ਰੁਲ਼ਦੇ .....।

ਥਾਂ-ਥਾਂ 'ਤੇ ਹੁੰਦੇ ਡਿਪਲੋਮੇ ਦੋਸਤੋ,
ਵਿਹਲੜਾਂ ਦੀ ਫ਼ੌਜ ਦੇ ਇਹ ਸੋਮੇ ਦੋਸਤੋ।
ਘਰ ਦਾ ਨਾ ਘਾਟ ਦਾ ਪੜ੍ਹਾਈ ਛੱਡਦੀ,
ਡਿਗਰੀਆਂ ਜਦੋਂ ਕੰਮ ਨਾ ਦਿਵਾਉਂਦੀਆਂ,
ਨਿੱਕੇ ਨਿੱਕੇ ਬਾਲ ਢਾਬਿਆਂ 'ਤੇ ਰੁਲ਼ਦੇ .....।

ਵੇਚ ਕੇ ਜ਼ਮੀਨਾਂ ਮੁੰਡੇ ਤੁਰ ਗਏ ਵਿਦੇਸ਼,
ਫੋਟੋਆਂ 'ਤੇ ਵੇਖਦੇ ਨੇ ਮਾਪੇ ਨਵੇਂ ਭੇਸ।
ਗੈਰਾਂ ਸੰਗ ਚਾੜ੍ਹ 'ਤੀ ਜਹਾਜ਼ ਕੁੜੀ ਵੀ,
ਮਾਪਿਆਂ ਦੀ ਧੀਆਂ ਜ਼ਿੰਦਗੀ ਬਣਾਉਂਦੀਆਂ!
ਨਿੱਕੇ ਨਿੱਕੇ ਬਾਲ ਢਾਬਿਆਂ 'ਤੇ ਰੁਲ਼ਦੇ .....।

ਨਸ਼ਿਆਂ 'ਚ ਰੁਲ਼ ਗਈ ਜਵਾਨੀ ਦੋਸਤੋ,
ਫੈਸ਼ਨਾਂ 'ਚ ਫਸ ਗਈ ਨਾਦਾਨੀ ਦੋਸਤੋ।
ਵਿਰਸਾ ਅਜਾਇਬ ਘਰਾਂ ਵਿੱਚ ਰਹਿ ਗਿਆ,
ਕੁੜੀਆਂ ਨਾ ਜੀਨਾ ਦੇ ਬਗੈਰ ਜਿਉਂਦੀਆਂ,
ਨਿੱਕੇ ਨਿੱਕੇ ਬਾਲ ਢਾਬਿਆਂ 'ਤੇ ਰੁਲ਼ਦੇ .....।

ਕੀਹਨੂੰ ਕਹੀਏ ਡੁੱਬੇ ਜਾਂਦੇ ਦੇਸ਼ ਨੂੰ ਬਚਾਵੇ,
ਸੱਚ ਤੇ ਸਬਰ ਦਾ ਕੋਈ ਰੁੱਖ ਨਵਾਂ ਲਾਵੇ।
ਆਪੋ-ਧਾਪੀ ਪੈ ਗਈ ਚਾਰੇ ਪਾਸੇ ਦੋਸਤੋ,
ਸੱਚ ਦੀਆਂ ਚੀਕਾਂ ਕਿਸੇ ਨੂੰ ਨਾ ਭਾਉਂਦੀਆਂ,
ਨਿੱਕੇ ਨਿੱਕੇ ਬਾਲ ਢਾਬਿਆਂ 'ਤੇ ਰੁਲ਼ਦੇ .....।

ਭਲੇ ਦਿਨਾਂ ਦੀ ਆਸ

ਕੁੜੀ ਪਤਲੀ ਪਤੰਗ, ਉਹਦਾ ਗੋਰਾ ਚਿੱਟਾ ਰੰਗ,
ਸੂਟ ਹਲਕਾ ਤੇ ਤੰਗ, ਉਹਦਾ ਢੱਕਦਾ ਨਾ ਨੰਗ,
ਉਹਨੂੰ ਆਉਂਦੀ ਨਈਂਓਂ ਸੰਗ, ਉਹਦੇ ਸੋਹਲ ਜਿਹੇ ਅੰਗ,
ਹੋ ਕੇ ਮਸਤ ਮਲੰਗ, ਭੱਜੀ ਫਿਰੇ ਪੱਬਾਂ ਭਾਰ,
ਹੋ ਗਈ ਸਾਰੇ ਬੱਲੇ ਬੱਲੇ, ਜਦੋਂ ਨੱਚੀ ਮੁਟਿਆਰ।

ਉਹ ਤਾਂ ਗੀਤਾਂ ਦਿਆਂ ਬੋਲਾਂ ਉੱਤੇ ਕਰਦੀ ਇਸ਼ਾਰੇ,
ਲਿਸ਼ਕੋਰਾਂ ਪਾਈ ਜਾਂਦੇ ਉਹਦੀ ਚੁੰਨੀ ਦੇ ਸਿਤਾਰੇ,
ਉਹ ਕਦੇ ਜੀਨ ਪਾ ਕੇ ਆਵੇ, ਕਦੇ ਵਾਲ਼ਾਂ ਨੂੰ ਖਿੰਡਾਵੇ ,
ਕਦੇ ਸੂਟ ਨਾਲ਼ ਪਰਾਂਦੀ, ਕਦੇ ਮੇਮ ਬਣ ਜਾਂਦੀ,
ਲੋਕੀ ਠੰਢ ਨੇ ਸਿਤਾਏ, ਉਹ ਰਹੀ ਜਾਕਟਾਂ ਉਤਾਰ,
ਹੋ ਗਈ ਸਾਰੇ ਬੱਲੇ ਬੱਲੇ, ਜਦੋਂ ਨੱਚੀ ਮੁਟਿਆਰ।

ਉਹਨੂੰ ਨੱਚਦੀ ਨੂੰ ਵੇਖ ਸਾਰੇ ਜਾਂਦੇ ਮੁਸਕਾਈ,
ਛੋਟੇ ਬੱਚੇ ਨੇ ਵੀ ਮੰਮੀ ਕੋਲੋਂ ਬਾਂਹ ਹੈ ਛੁਡਾਈ,
ਮੁੰਡੇ, ਖੁੰਡੇ ਹੋ ਗਏ ਨੇੜੇ, ਥੋੜ੍ਹਾ ਪੈਂਗ-ਸ਼ੈਂਗ ਲਾਉਂਦੇ,
ਅੱਧਖੜ ਵੀ ਨੇ ਅੱਖਾਂ ਵਿੱਚ ਸੁਪਨੇ ਸਜਾਉਂਦੇ,
ਪਿੱਛੇ ਬੈਠੇ ਬਾਬੇ ਥੁੱਕ ਲਾ ਲਾ ਮੁੱਛਾਂ ਨੂੰ ਖੜ੍ਹਾਉਂਦੇ,
ਉਹਦੇ ਨਾਲ਼ ਨੱਚਣੇ ਲਈ ਸਾਰੇ ਹੋ ਗਏ ਨੇ ਤਿਆਰ,
ਹੋ ਗਈ ਸਾਰੇ ਬੱਲੇ ਬੱਲੇ, ਜਦੋਂ ਨੱਚੀ ਮੁਟਿਆਰ।

ਕੋਈ ਬਟੂਏ 'ਚੋਂ ਕੱਢ ਕੱਢ ਨੋਟ ਵਾਰੀ ਜਾਂਦਾ,
ਕੋਈ ਮੁੰਦਰੀ ਉਤਾਰ ਉਹਦੇ ਹੱਥ 'ਚ ਫੜਾਉਂਦਾ,
ਕੋਈ ਚੜ੍ਹ ਕੇ ਸਟੇਜ ਉਹਦੇ ਅੱਗੇ ਪਿੱਛੇ ਘੁੰਮੇ,
ਛਿੱਕੇ ਟੰਗ ਲੋਕ ਲਾਜ ਉਹਦੇ ਹੱਥ ਫੜ ਚੁੰਮੇ,
ਕੋਈ ਬਾਂਹ ਫੜ ਲਾਹਿਆ, ਕੋਈ ਘੂਰਿਆ ਹੈ ਨਾਰ,
ਹੋ ਗਈ ਸਾਰੇ ਬੱਲੇ ਬੱਲੇ, ਜਦੋਂ ਨੱਚੀ ਮੁਟਿਆਰ।

ਹੋਇਆ ਖ਼ਤਮ ਤਮਾਸ਼ਾ ਬੰਦ ਹੋਇਆ ਨਾਚ-ਗਾਉਣ,
ਕੁੜੀ ਉੱਤਰ ਸਟੇਜੋਂ ਲੱਗੀ ਪੈਰੀਂ ਜੁੱਤੀ ਪਾਉਣ,

ਨੇੜੇ ਹੋ ਹੋ ਕੇ ਮੁੰਡੇ, ਲੱਗੇ ਦਿਲ ਦੀ ਸੁਣਾਉਣ,
ਕੋਈ ਆਖੇ ਚੱਲ ਨਾਲ਼ ਤੈਨੂੰ ਸ਼ਿਮਲੇ ਘੁੰਮਾਊਂ,
ਕੋਈ ਆਖੇ ਬੈਠ ਗੱਡੀ, ਤੈਨੂੰ ਸੋਨੇ 'ਚ ਮੜ੍ਹਾਊਂ,
ਕੋਈ ਮੰਗੇ ਉਹਤੋਂ ਨੰਬਰ, ਕੋਈ ਆਪਣਾ ਲਿਖਾਵੇ,
ਕੋਈ ਬਟੂਏ 'ਚੋਂ ਕੱਢ ਕੱਢ ਨੋਟ ਵਿਖਾਵੇ,
ਸਾਰੇ ਆਖਣ ਬਾਈਗਾਡ, ਦਿਲ ਤੈਨੂੰ ਬੜਾ ਚਾਹਵੇ,
ਜੇ ਤੂੰ ਚੱਲੇਂ ਮੇਰੇ ਨਾਲ਼, ਧੰਨ ਧੰਨ ਹੋ ਜਾਵੇ।।

ਧੰਨਵਾਦ ਵੀਰੇ ਥੋਡਾ, ਜਿਹੜੇ ਵਾਰੇ ਤੁਸੀਂ ਨੋਟ,
ਮੇਰੇ ਇੱਕ ਵੀ ਨੀਂ ਪੱਲੇ, ਭਾਵੇਂ ਵੇਖੋ ਮੇਰਾ ਕੋਟ,
ਅੱਜ ਵਾਲ਼ਾ ਮਿਹਨਤਾਨਾ, ਮੈਂ ਲੈ ਕੇ ਪਹਿਲਾਂ ਹੀ ਚਲਾਇਆ,
ਛੋਟੇ ਵੀਰੇ, ਬੁੱਢੀ ਬੇਬੇ ਦੀ ਮੈਂ ਭੁੱਖ ਨੂੰ ਮਿਟਾਇਆ,
ਕਈ ਸਾਲ ਹੋ ਗਏ, ਸਿਰ ਸਾਡੇ ਬਾਪੂ ਦੀ ਨੀਂ ਛਾਇਆ,
ਇਹੇ ਨੱਚਣੇ ਦਾ ਸ਼ੌਕ, ਮੈਂ ਨਾ ਚਾਵਾਂ ਨਾਲ਼ ਲਾਇਆ।
ਇੱਕ ਢੋਲਕ ਵਾਲ਼ੇ ਨੇ ਮੇਰਾ ਮਨ ਭਰਮਾਇਆ,
ਲਾਰੇ ਲਾਉਂਦਾ ਰਿਹਾ ਭੈੜਾ, ਪਰ ਵਿਆਹ ਨੀਂ ਕਰਾਇਆ,
ਮੈਨੂੰ ਓਸ ਨੇ ਹੀ ਫੇਰ, ਏਸ ਕੰਮ ਵਿੱਚ ਪਾਇਆ।
ਹੁਣ ਲਹਿੰਦਾ ਨੀਂ ਜੰਜਾਲ, ਭਾਵੇਂ ਲੱਖ ਵਾਰੀ ਚਾਹਿਆ,
ਧੰਨਵਾਦ ਥੋਡਾ, ਜਿਹੜਾ ਤੁਸੀਂ ਮੂੰਹੋਂ ਫਰਮਾਇਆ।

ਇੱਕ ਰਾਤ ਤਾਂ ਕੀ, ਸਦਾ ਉਹਦੇ ਰਹੂੰਗੀ ਮੈਂ ਨਾਲ਼,
ਦੱਸੋ ਮਾਂ ਦਾ ਕੋਈ ਲਾਲ ਮੈਨੂੰ ਸਕਦਾ ਸੰਭਾਲ?
ਮਹਿੰਦੀ, ਲਾਲ ਚੂੜਾ ਪਾ ਕੇ, ਫੇਰੇ/ਲਾਵਾਂ ਕਰਵਾਕੇ,
ਮੈਨੂੰ ਡੋਲੀ 'ਚ ਬਿਠਾ ਕੇ, ਬੂਹੀਂ ਤੇਲ ਚੁਆ ਕੇ,
ਭੈਣ– ਮਾਂ ਨੂੰ ਮਨਾ ਕੇ, ਕੀ ਲੈ ਚੱਲੋਂਗੇ ਵਿਆਹ ਕੇ??

ਗੱਲ ਸੁਣ ਕੇ ਜੁਆਨ, ਲੱਗੇ ਕੰਨੀ ਖਸਕਾਉਣ,
ਨੋਟ ਜਿੱਥੋਂ ਜੀਹਨੇ ਕੱਢੇ, ਲੱਗੇ ਉਥੇ ਉਥੇ ਪਾਉਣ,
ਕਹਿੰਦੇ ਅਸੀਂ ਨਈਂਓਂ ਜਾਣਾ, ਇਹੋ ਜਿਹੀ ਨੂੰ ਵਿਆਹੁਣ,
ਐਂਵੇਂ ਲੱਗ ਪਈ ਏ ਸਾਨੂੰ, ਕਥਾ ਆਪਣੀ ਸੁਣਾਉਣ।
ਅਸੀਂ ਕਾਕੇ ਹਾਂ ਅਮੀਰ, ਸਾਡੇ ਸ਼ੌਕ ਨੇ ਅਵੱਲੇ,
ਤੂੰ ਜਾਂਦੀ ਜਾਹ ਜਿਥੇ ਜਾਣਾ, ਯਾਰ ਹੋਰਾਂ ਵੱਲ ਚੱਲੇ।

ਭੈਣ ਮੇਰੀਏ ਤੂੰ ਆ ਜਾ ਘਰ ਮਾਂ ਕੋ਼ਲ ਚੱਲ,
ਸਾਡੇ ਦੁੱਖਾਂ ਦਾ ਨਾ ਇੱਥੇ, ਇਹਨਾਂ ਕੰਜਰਾਂ ਕੋ਼ਲ ਹੱਲ,
ਮੈਥੋਂ ਹੋਰ ਨਈਂਓਂ ਇਥੇ ਭੈੜੇ ਸੁਣੇ ਜਾਂਦੇ ਬੋਲ,
ਰੱਖ ਮਨ ਸਮਝਾ ਕੇ, ਐਂਵੇਂ ਹੰਝੂ ਨਾ ਤੂੰ ਡੋਲ੍ਹ।
ਮੈਂ ਜਦ ਹੋ ਗਿਆ ਜੁਆਨ, ਮੇਰੀ ਬਣੂ ਪਹਿਚਾਣ,
ਪਾਊਂ ਮੁਰਦਾ ਸਰੀਰਾਂ ਵਿੱਚ ਲੋਹੜਿਆਂ ਦੀ ਜਾਨ,
ਭੈੜੇ ਲੀਡਰਾਂ ਦਾ ਵੋਟਾਂ ਵੇ਼ਲੇ ਕਰੂੰਗਾ ਮੈਂ ਘਾਣ,
ਕਰੂੰ ਉਹਨੂੰ ਮਨਜ਼ੂਰ, ਜਿਹੜਾ ਚੱਕੂਗਾ ਬੇਕਾਰੀ,
ਨਿੱਜੀ ਲਾਲਚਾਂ ਨੂੰ ਛੱਡ, ਕਰੂ ਦੇਸ਼ ਦੀ ਉਸਾਰੀ,
ਮੌਕੇ ਵਿੱਦਿਆ ਦੇ ਸਭਨਾਂ ਲਈ ਕਰੂ ਇਕਸਾਰ,
ਸਾਡੇ ਸਭਨਾਂ ਲਈ ਪੈਦਾ ਜਿਹੜਾ ਕਰੂ ਰੁਜ਼ਗਾਰ,
ਅਸੀਂ ਇਹੋ ਜਿਹੇ ਰਾਜ ਦੀ ਹੀ ਕਰਨੀ ਹੈ ਮੰਗ,
ਜਿਥੇ ਭੁੱਖ ਤੇ ਗਰੀਬੀ, ਕਰੂ ਕਿਸੇ ਨੂੰ ਨਾ ਤੰਗ,
ਜਿਥੇ ਪੱਥਰਾਂ ਨਾ਼ਲ ਖਹਿ ਖਹਿ ਸਾਡੀ ਟੁੱਟੂਗੀ ਨਾ ਵੰਗ,
ਜਿਥੇ ਨੱਚਣਾ ਨੀਂ ਪੈਣਾ, ਸਾਨੂੰ ਕੰਜਰਾਂ ਦੇ ਸੰਗ,
ਜਿਥੇ ਪੂਰੀ ਹੋਊਗੀ ਭੈਣੇ, ਹਰ ਦਿਲ ਦੀ ਉਮੰਗ,
ਜਿਥੇ ਪੂਰੀ ਹੋਊਗੀ ਭੈਣੇ, ਹਰ ਦਿਲ ਦੀ ਉਮੰਗ॥

ਜੇ ਗੋਰਾ ਡਰਿਆ ਤਾਂ ਡਰਿਆ ਪੰਜਾਬੀ ਤੋਂ

ਊਧਮ ਨੇ ਮਨ ਵਿੱਚ ਪੱਕਾ ਧਾਰਿਆ,
ਲੰਡਨ 'ਚ ਜਾ ਕੇ ਉਹਨੇ ਡਾਇਰ ਮਾਰਿਆ,
ਜੇ ਡਾਇਰ ਮਰਿਆ ਤਾਂ ਮਰਿਆ ਪੰਜਾਬੀ ਤੋਂ,
ਜੇ ਗੋਰਾ ਡਰਿਆ ਤਾਂ ਡਰਿਆ ਪੰਜਾਬੀ ਤੋਂ।

ਬਾਬਾ ਗੁਰਦਿੱਤ, ਸੋਹਣ ਸਿੰਘ ਭਕਨਾ,
ਗੜਗਜ ਜਿਹਾ ਕਿਸੇ ਹੋ ਨੀ ਸਕਣਾ,
ਪੂਰਾ ਹੌਸਲਾ ਵਿਖਾਇਆ ਜਿੰਨਾ ਸਰਿਆ ਪੰਜਾਬੀ ਤੋਂ,
ਜੇ ਗੋਰਾ ਡਰਿਆ ਤਾਂ ਡਰਿਆ ਪੰਜਾਬੀ ਤੋਂ।

ਬੰਬ ਸੀ ਅਸੈਂਬਲੀ ਚ ਮਾਰਿਆ ਭਗਤ ਸਿੰਘ,
ਤਾਪ ਸੀ ਫਰੰਗੀਆਂ ਨੂੰ ਚਾੜਿਆ ਭਗਤ ਸਿੰਘ,
ਮਾਂ ਦਾ ਸੀਨਾ ਠਰਿਆ ਤਾਂ ਠਰਿਆ ਪੰਜਾਬੀ ਤੋਂ,
ਜੇ ਗੋਰਾ ਡਰਿਆ ਤਾਂ ਡਰਿਆ ਪੰਜਾਬੀ ਤੋਂ।

ਢੁੱਡੀਕੇ, ਸਰਾਭਾ, ਲੁਧਿਆਣਾ ਦੋਸਤੋ,
ਚੱਲੂ ਜਦੋਂ ਗੱਲ ਚੇਤੇ ਆਉਣਾ ਦੋਸਤੋ,
ਧਾੜਵੀ ਜੇ ਹਰਿਆ ਤਾਂ ਹਰਿਆ ਪੰਜਾਬੀ ਤੋਂ,
ਜੇ ਗੋਰਾ ਡਰਿਆ ਤਾਂ ਡਰਿਆ ਪੰਜਾਬੀ ਤੋਂ।

ਕੂਕਿਆਂ ਦੀ ਦੇਣ ਲਾਮਿਸਾਲ ਦੋਸਤੋ,
ਤੋਪਾਂ ਮੂਹਰੇ ਅੜੇ ਨਿੱਕੇ ਬਾਲ ਦੋਸਤੋ,
ਹਿੰਮਤਾਂ ਦਾ ਪਾਠ ਲੋਕਾਂ ਪੜ੍ਹਿਆ ਪੰਜਾਬੀ ਤੋਂ,
ਜੇ ਗੋਰਾ ਡਰਿਆ ਤਾਂ ਡਰਿਆ ਪੰਜਾਬੀ ਤੋਂ।

ਹਿੱਕ ਉੱਤੇ ਮੂਲ ਦਲਣਾ ਵੀ ਜਾਣਦੇ,
ਰਣ ਤੱਤੇ ਵਿੱਚ ਅੜਨਾ ਵੀ ਜਾਣਦੇ,
ਗਿਆ ਬਲਵਿੰਦਰਾ ਨਾ ਟਲਿਆ ਪੰਜਾਬੀ ਤੋਂ,
ਜੇ ਗੋਰਾ ਡਰਿਆ ਤਾਂ ਡਰਿਆ ਪੰਜਾਬੀ ਤੋਂ।

ਮਾਂ ਬੋਲੀ ਪੰਜਾਬੀ ਤੈਥੋਂ ਰੁੱਸ ਨਾ ਜਾਵੇ ਨੀਂ

ਮਾਂ ਬੋਲੀ ਪੰਜਾਬੀ 'ਤੇ ਤਲਵਾਰ ਚਲਾਉਂਦੀਏ ਕੁੜੀਏ,
ਮੰਡੀ ਸਭਿਆਚਾਰ ਦੇ ਸੰਗ ਰਫ਼ਤਾਰ ਮਿਲਾਉਂਦੀਏ ਕੁੜੀਏ,
ਸਮਝ ਨੀਂ ਆਉਂਦੀ ਕੋਈ ਤੈਨੂੰ ਹੁਣ ਕਿੰਝ ਸਮਝਾਵੇ ਨੀਂ,
ਮਾਂ ਬੋਲੀ ਪੰਜਾਬੀ ਤੈਥੋਂ ਰੁੱਸ ਨਾ ਜਾਵੇ ਨੀਂ।

'ਹੇਠਾਂ' ਨੂੰ ਤੂੰ 'ਨੀਚੇ' ਆਖੇਂ, 'ਪਰ' ਨੂੰ 'ਬੱਟ' ਹੈਂ ਕਹਿੰਦੀ,
'ਸੌਰੀ, ਥੈਂਕਸ, ਓ.ਕੇ., ਸੀ.ਯੂ' ਵਿੱਚ ਹੀ ਘੁੰਮਦੀ ਰਹਿੰਦੀ,
'ਆੱਬਵੀਅਸਲੀ' ਤੇ 'ਡੌਂਟ ਵਰੀ' ਕੋਈ ਕਿਵੇਂ ਪਚਾਵੇ ਨੀਂ,
ਮਾਂ ਬੋਲੀ ਪੰਜਾਬੀ ਤੈਥੋਂ ਰੁੱਸ ਨਾ ਜਾਵੇ ਨੀਂ।

ਚੁੰਨੀ ਵਾਂਗੂੰ 'ਣਾਣਾ' ਵੀ ਤੈਂ ਮਨੋ ਵਿਸਾਰ ਦਿੱਤਾ,
'ਲੱਲੇ' ਦੇ ਪੈਰ ਬਿੰਦੀ ਨੂੰ ਤੈਂ ਜੰਮਦਿਆਂ ਮਾਰ ਦਿੱਤਾ,
'ਹੁਨ, ਕਾਲਾ, ਪੀਲਾ, ਖਾਨਾ, ਦਾਨਾ' ਤੈਨੂੰ ਭਾਵੇ ਨੀਂ,
ਮਾਂ ਬੋਲੀ ਪੰਜਾਬੀ ਤੈਥੋਂ ਰੁੱਸ ਨਾ ਜਾਵੇ ਨੀਂ।

ਅੱਸੀ ਨੌਂ ਉਣਾਨਵੇਂ ਤੇਰੇ ਚੇਤੇ ਰਹਿੰਦਾ ਨਾ,
'ਏਟੀ ਨਾਈਨ' ਭਾਈ ਬੀਬਾ ਤੈਨੂੰ ਕੁੱਝ ਵੀ ਕਹਿੰਦਾ ਨਾ,
'ਸੈੱਲ' ਤੇਰੇ ਦੀ 'ਰਿੰਗ' 'ਬਾਈਕ' 'ਤੇ ਕੌਣ ਵਜਾਵੇ ਨੀਂ,
ਮਾਂ ਬੋਲੀ ਪੰਜਾਬੀ ਤੈਥੋਂ ਰੁੱਸ ਨਾ ਜਾਵੇ ਨੀਂ।

ਮਾਂ ਜੀਤੋ, ਸੁੰਦਰੀ, ਮਾਈ ਭਾਗੋ, ਨਾਨਕੀ ਜਾਈਏ ਨੀਂ,
ਬਾਬਿਆਂ ਵਾਲ਼ਾ ਊੜਾ ਤੈਨੂੰ ਕਿਵੇਂ ਪੜ੍ਹਾਈਏ ਨੀਂ,
ਸੋਚ ਤੇਰੀ ਤੋਂ ਸ਼ੋਸ਼ੇਬਾਜ਼ੀ ਕਿਵੇਂ ਕੋਈ ਲਾਹਵੇ ਨੀ,
ਮਾਂ ਬੋਲੀ ਪੰਜਾਬੀ ਤੈਥੋਂ ਰੁੱਸ ਨਾ ਜਾਵੇ ਨੀਂ।

ਕੀ ਹੁੰਦੇ ਨੇ ਬਾਗ ਤੇ ਹੁੰਦੀ ਕੀ ਫੁਲਕਾਰੀ ਏ,
ਤੇਰੀ ਮੱਤ ਤਾਂ ਜੀਨਾਂ ਤੇ ਟੌਪਾਂ ਨੇ ਮਾਰੀ ਏ,
ਕਿੱਲੀ ਟੰਗੇ ਸੂਟ ਦੇ ਹੌਲ਼ੇ ਪੈ ਗਏ ਦਾਅਵੇ ਨੀ,
ਮਾਂ ਬੋਲੀ ਪੰਜਾਬੀ ਤੈਥੋਂ ਰੁੱਸ ਨਾ ਜਾਵੇ ਨੀਂ।

ਮਿੱਠੀ ਬੜੀ ਪੰਜਾਬੀ, ਮਿੱਠੜੇ ਬੋਲ ਪੰਜਾਬੀ ਦੇ,
ਕਦੇ ਦਿਲ ਦੀਆਂ ਸੁਣ ਕੇ ਵੇਖੀਂ ਹੋ ਕੇ ਕੋਲ਼ ਪੰਜਾਬੀ ਦੇ,
'ਹਾਏ ਮੈਂ ਮਰਜਾਂ', 'ਸਹੁੰ ਤੇਰੀ' ਸੀਨੇ ਠੰਢ ਪਾਵੇ ਨੀ,
ਮਾਂ ਬੋਲੀ ਪੰਜਾਬੀ ਤੈਥੋਂ ਰੁੱਸ ਨਾ ਜਾਵੇ ਨੀਂ।

ਬੋਲੀਆਂ ਜੰਮ-ਜੰਮ ਸਿੱਖੋ ਮਾਂ ਪਰ ਮਨੋਂ ਭੁਲਾਵੋ ਨਾ,
ਮਾਂ ਬੋਲੀ ਦੇ ਸ਼ਬਦਾਂ ਨੂੰ ਇੰਜ ਮਾਰ ਮੁਕਾਵੋ ਨਾ,
ਮੰਨ ਜਾ ਤੈਨੂੰ 'ਬਲਵਿੰਦਰ' ਅੱਜ ਆਪ ਮਨਾਵੇ ਨੀ,
ਮਾਂ ਬੋਲੀ ਪੰਜਾਬੀ ਤੈਥੋਂ ਰੁੱਸ ਨਾ ਜਾਵੇ ਨੀਂ।

ਕੁੜੀ ਪੰਜਾਬਣ

ਸਾਰੇ ਉਹਨੂੰ ਕਹਿੰਦੇ ਪੰਜਾਂ ਪਾਣੀਆਂ ਦੀ ਰਾਣੀ,
ਰੰਗਲੇ ਪੰਜਾਬ ਦੀ ਉਹ ਰੰਗਲੀ ਨਿਸ਼ਾਨੀ।
ਸਾਰੀ ਦੁਨੀਆ ਦੇ ਦਿਲਾਂ 'ਤੇ ਉਹ ਛਾਈ ਹੋਈ ਐ,
ਉਹ ਕੋਈ ਕੁੜੀ ਪੰਜਾਬਣ,
ਪਰੀ ਅੰਬਰਾਂ 'ਚੋਂ ਧਰਤੀ 'ਤੇ ਆਈ ਹੋਈ ਐ।

ਸਿਰ ਉਹਦੇ ਫੁਲਕਾਰੀ ਸਜਦੀ, ਬਾਹੀਂ ਸੂਹਾ ਚੂੜਾ,
ਗਲ਼ ਗਾਨੀ, ਨੱਕ ਨੱਥ, ਅੱਖ ਸੁਰਮਾ, ਸੁਰਖੀ ਦਾ ਰੰਗ ਗੂੜ੍ਹਾ।
ਪੈਰੀਂ ਝਾਂਜਰਾਂ ਦੀ ਤਾਲ, ਪਾਈ ਫਿਰਦੀ ਭੁਚਾਲ,
ਅੱਡੀ ਮਹਿੰਦੀਆਂ ਦੇ ਰੰਗਾਂ 'ਚ ਰੰਗਾਈ ਹੋਈ ਐ,
ਉਹ ਕੋਈ ਕੁੜੀ ਪੰਜਾਬਣ,
ਪਰੀ ਅੰਬਰਾਂ 'ਚੋਂ ਧਰਤੀ 'ਤੇ ਆਈ ਹੋਈ ਐ।

ਹਸਦੀ ਸਾਰਾ ਅੰਬਰ ਹਸਦਾ, ਨੱਚੇ ਧਰਤ ਹਿਲਾਵੇ,
ਮਮਤਾ, ਪਿਆਰ, ਵਫਾ ਦੀ ਰਾਣੀ, ਸੁੱਚਾ ਪਿਆਰ ਨਿਭਾਵੇ।
ਉਹਦੀ ਵੀਰਤਾ ਦੀ ਗੱਲ ਹਰ ਪਾਸੇ ਰਹੀ ਚੱਲ,
ਡਿਊਟੀ ਬਾਰਡਰਾਂ 'ਤੇ ਓਸ ਨੇ ਲਵਾਈ ਹੋਈ ਐ,
ਉਹ ਕੋਈ ਕੁੜੀ ਪੰਜਾਬਣ,
ਪਰੀ ਅੰਬਰਾਂ 'ਚੋਂ ਧਰਤੀ 'ਤੇ ਆਈ ਹੋਈ ਐ।

ਸ਼ਾਇਰਾਂ ਉਹਦੀਆਂ ਕੀਤੀਆਂ ਸਿਫਤਾਂ, ਦਿਲ ਦੇ ਬੂਹੇ ਬਹਿ ਕੇ,
ਮੋਹਨ, ਪ੍ਰੀਤਮ, ਪਾਤਰ ਵਰਗੇ ਜਿਊਣ ਉਹਦਾ ਨਾਂ ਲੈ ਕੇ।
ਉਹਨੂੰ ਸ਼ਿਵ ਨੇ ਧਿਆਇਆ, ਹੰਸ ਬੋਲਾਂ 'ਚ ਬਿਠਾਇਆ,
ਪ੍ਰੀਤ ਸਭਨਾਂ ਨੇ ਉਹਦੇ ਨਾਲ਼ ਪਾਈ ਹੋਈ ਐ,
ਉਹ ਕੋਈ ਕੁੜੀ ਪੰਜਾਬਣ,
ਪਰੀ ਅੰਬਰਾਂ 'ਚੋਂ ਧਰਤੀ 'ਤੇ ਆਈ ਹੋਈ ਐ।

ਹਰ ਖੇਤਰ ਵਿੱਚ ਹੁੰਦੀਆਂ ਉਹਦੀ ਕਾਮਯਾਬੀ ਦੀਆਂ ਗੱਲਾਂ,
ਅੰਬਰਾਂ ਨੂੰ ਹੱਥ ਲਾਉਂਦੀਆਂ
ਉਹਦੀ ਗਿਆਨ-ਸਮਝ ਦੀਆਂ ਛੱਲਾਂ।
ਰਹੇ ਮੈਰਿਟਾਂ 'ਚ ਮੂਹਰੇ, ਕੰਮ ਛੱਡੇ ਨਾ ਅਧੂਰੇ,
ਸਾਂਝ ਵਿਰਸੇ ਨਾਲ਼ ਗੂੜ੍ਹੀ ਉਹਨੇ ਪਾਈ ਹੋਈ ਐ,
ਉਹ ਕੋਈ ਕੁੜੀ ਪੰਜਾਬਣ,
ਪਰੀ ਅੰਬਰਾਂ 'ਚੋਂ ਧਰਤੀ 'ਤੇ ਆਈ ਹੋਈ ਐ।

ਸਾਉਣ ਮਹੀਨੇ ਕੁਦਰਤ ਨੇ ਵੀ, ਉਸ ਨੂੰ ਸੀਸ ਨਿਵਾਇਆ,
ਫੁੱਲਾਂ ਵਾਂਗੂੰ ਚਿਹਰਾ ਉਸਦਾ ਟਹਿਕਣ-ਮਹਿਕਣ ਲਾਇਆ।
ਉਹਦੀ ਮੋਰਾਂ ਜਿਹੀ ਤੋਰ, ਵਾਲ਼ ਘਟਾ ਘਣਘੋਰ,
ਪੈਂਠ ਜੱਗ ਵਿੱਚ ਓਸ ਨੇ ਬਣਾਈ ਹੋਈ ਐ,
ਉਹ ਕੋਈ ਕੁੜੀ ਪੰਜਾਬਣ,
ਪਰੀ ਅੰਬਰਾਂ 'ਚੋਂ ਧਰਤੀ 'ਤੇ ਆਈ ਹੋਈ ਐ।

ਪੰਜਾਬੀ

ਸਾਨੂੰ ਗੁੜਤੀ ਹੈ ਪੰਜ-ਆਬ ਦੀ,ਸਾਡਾ ਪੱਗਾਂ ਨਾਲ਼ ਪਿਆਰ,
ਅਸੀਂ ਕਲਗੀਧਰ ਦੇ ਲਾਡਲੇ,ਸਾਨੂੰ ਲੋਕ ਕਹਿਣ ਸਰਦਾਰ,
ਜਿਥੇ ਖੜ੍ਹੀਏ ਪੂਰੀਆਂ ਪਾ ਦੀਏ,ਕਦੇ ਮੰਨੀਏ ਨਾ ਅਸੀਂ ਹਾਰ।
ਸਾਨੂੰ ਸਿੱਖਿਆ ਸਾਡੇ ਗੁਰੂ ਦੀ,ਨਾ ਕਰੀਏ ਮਜ਼ਲੂਮਾਂ 'ਤੇ ਵਾਰ,
ਅੱਗਿਓਂ ਵੈਰੀ ਜੇ ਲਲਕਾਰਦਾ,ਉਹਦੇ ਟੋਟੇ ਕਰਦੀਏ ਚਾਰ,
ਅਸੀਂ ਦੂਈ ਦਵੈਤ ਨਾ ਜਾਣਦੇ,ਸਾਡਾ ਸਭਨਾ ਨਾਲ਼ ਪਿਆਰ।
ਅਸੀਂ ਮੰਗੀਏ ਭਲਾ ਸਰਬੱਤ ਦਾ,ਖਾਈਏ ਕਿਸੇ ਨਾਲ਼ ਨਾ ਖਾਰ,
ਅਸੀਂ ਜ਼ੁਲਮ ਨਾ ਸਹਿਣਾ ਸਿੱਖਿਆ,ਸਾਡੇ ਮਨ 'ਤੇ ਜ਼ਾਲਮ ਭਾਰ
ਅਸੀਂ ਮਨ ਨੂੰ ਹੌਲ਼ਾ ਕਰਨ ਲਈ,ਝੱਟ ਚੁੱਕ ਲਈਏ ਤਲਵਾਰ।
ਸਾਡਾ ਵਿਰਸਾ ਮੁੱਢੋਂ ਜੂਝਣਾ,ਸਾਡੇ ਭਗਤ, ਸਰਾਭੇ ਯਾਰ,
ਸਾਡੀਆਂ ਭੈਣਾਂ ਝਾਂਸੀ ਰਾਣੀਆਂ,ਸਾਡੇ ਵੀਰ ਊਧਮ ਸਰਦਾਰ,
ਅਸੀਂ ਸੀਸ ਤਲ਼ੀ 'ਤੇ ਧਰ ਲੀਏ,
ਦੇਈਏ ਦੇਸ਼ ਲਈ ਜ਼ਿੰਦੜੀਆਂ ਵਾਰ।
ਸਾਡੀਆਂ ਈਦਾਂ-ਲੋਹੜੀਆਂ ਸਾਂਝੀਆਂ,ਸਾਡੇ ਸਾਂਝੇ ਕਾਰ ਵਿਹਾਰ,
ਸਾਡੇ ਮਾਹੀਏ-ਢੋਲੇ ਇਕ ਨੇ,ਸਾਡਾ ਇਕੋ ਸਭਿਆਚਾਰ,
ਸਾਡੀਆਂ ਹੇਕਾਂ ਤੇ ਸੁਰਾਂ ਸਾਂਝੀਆਂ,ਸਾਡੇ ਸਾਂਝੇ ਨੇ ਕਲਾਕਾਰ।
ਸਾਡੇ ਦਿਲ ਦੇ ਵਣਜ ਅਵੱਲੜੇ,ਸਾਡੇ ਬੋਲਾਂ ਵਿਚ ਇਕਰਾਰ,
ਅਸੀਂ ਵਸੀਏ ਜਿਹੜੀ ਧਰਤ 'ਤੇ,ਉਹਦੇ ਬਣ ਜੀਏ ਪਹਿਰੇਦਾਰ,
ਅਸੀਂ ਮਾਂ-ਬੋਲੀ ਨਾ ਛੱਡੀਏ,ਭਾਵੇਂ ਰਹੀਏ ਸਮੁੰਦਰੋਂ ਪਾਰ।
ਅਸੀਂ ਨਾਨਕ, ਹਜਰਤ, ਰਾਮ ਨੂੰ,ਆਪਣੇ ਮੰਨਦੇ ਹਾਂ ਅਵਤਾਰ,
ਸਾਡਾ ਯਸੂ ਮਸੀਹ ਹੈ ਦੇਵਤਾ,ਜਿਹਨੂੰ ਜਾਣੇ ਕੁੱਲ ਸੰਸਾਰ,
ਸਾਡੇ ਪਿਆਰੀਂ ਫਿੱਕ ਨਾ ਪੈ ਸਕੇ,
ਨਾ ਪਵੇ ਸਿਆਸਤ ਦੀ ਜੇ ਮਾਰ।

ਭੈਣ ਮੇਰੀਏ ਵੀਰਾਂ ਦੀਆਂ ਦੁਆਵਾਂ ਲੈਂਦੀ ਜਾਹ

ਭੈਣ ਮੇਰੀਏ ਵੀਰਾਂ ਦੀਆਂ ਦੁਆਵਾਂ ਲੈਂਦੀ ਜਾਹ,
ਆਪਣੋਂ ਗਲੋਂ ਉਤਾਰ ਬੁਲਾਵਾਂ ਸਾਨੂੰ ਦੇਂਦੀ ਜਾਹ।
ਭੈਣ ਮੇਰੀਏ ਵੀਰਾਂ ਦੀਆਂ ਦੁਆਵਾਂ ਲੈਂਦੀ ਜਾਹ।

ਸੁਖੀ ਵਸੇਂ ਘਰ ਆਪਣੇ ਸਾਡੀ ਯਾਦ ਸਤਾਵੇ ਨਾ,
ਸਹੁਰੇ ਘਰ ਵਿੱਚ ਤੇਰੇ ਨਾਲ਼ ਕੋਈ ਨਫ਼ਰਤ ਖਾਵੇ ਨਾ,
ਮਿੱਠੇ ਬੋਲਾਂ ਨਾਲ਼ ਤੂੰ ਸਭ ਦੇ ਦਿਲ ਵਿੱਚ ਲਹਿੰਦੀ ਜਾਹ
ਭੈਣ ਮੇਰੀਏ ਵੀਰਾਂ ਦੀਆਂ ਦੁਆਵਾਂ ਲੈਂਦੀ ਜਾਹ।

ਰੱਖੜੀ ਦਾ ਦਿਨ ਆਉਣਾ, ਤੈਨੂੰ ਸੱਦ ਬੁਲਾਵਾਂਗੇ,
ਜਾਂ ਫਿਰ ਆਪੇ ਚੱਲ ਕੇ ਤੇਰੇ ਕੋਲ਼ੇ ਆਵਾਂਗੇ,
ਹੱਥੀਂ ਗੁੰਦੇ ਫੁੱਲ ਤੂੰ ਸਾਡੇ ਦੇਵੀਂ ਗੁੱਟ ਸਜਾ,
ਭੈਣ ਮੇਰੀਏ ਵੀਰਾਂ ਦੀਆਂ ਦੁਆਵਾਂ ਲੈਂਦੀ ਜਾਹ।

ਜਦ ਵੀ ਆਏ ਸੁਨੇਹਾ ਹੋਵੇ ਖ਼ੁਸ਼ੀਆਂ-ਹਾਸਿਆਂ ਦਾ,
ਜਾਂ ਫਿਰ ਖੋਏ ਦੀਆਂ ਪਿੰਨੀਆਂ, ਬਿਸਕੁਟ ਜਾਂ ਪਤਾਸਿਆਂ ਦਾ,
ਤਿੱਥ-ਤਿਉਹਾਰੀਂ ਮਨ ਤੇਰੇ ਦੇ ਪੂਰੇ ਕਰਾਂਗੇ ਚਾਅ,
ਭੈਣ ਮੇਰੀਏ ਵੀਰਾਂ ਦੀਆਂ ਦੁਆਵਾਂ ਲੈਂਦੀ ਜਾਹ।

ਤੇਰੀਆਂ ਗੁੱਡੀਆਂ ਦੇ ਨਾਲ਼ ਨਿੱਕੇ ਬਾਲ ਖਿਡਾਵਾਂਗੇ,
ਉਨ੍ਹਾਂ ਦੇ ਮਨ ਭੂਆ ਦੀ ਅਸੀਂ ਯਾਦ ਬਿਠਾਵਾਂਗੇ,
ਕੱਤਣਗੀਆਂ ਭਤੀਜੀਆਂ ਤੇਰੀਆਂ ਚਰਖਾ ਗਲ਼ੀ 'ਚ ਡਾਹ,
ਭੈਣ ਮੇਰੀਏ ਵੀਰਾਂ ਦੀਆਂ ਦੁਆਵਾਂ ਲੈਂਦੀ ਜਾਹ।

ਇਹ ਨਾਂ ਸਮਝੀਂ ਮਾਪਿਆਂ ਦਾ ਘਰ ਛੱਡ ਕੇ ਚੱਲੀ ਏਂ,
ਇੱਕ ਮਾਂ ਇੱਥੇ, ਇੱਕ ਉੱਥੇ, ਨਾ ਸਮਝੀਂ 'ਕੱਲੀ ਏਂ,
ਇਹ ਘਰ ਤੇਰਾ ਮਾਂ ਜਾਈਏ ਤੂੰ ਜਦ ਜੀਅ ਚਾਹੇ ਆ,
ਭੈਣ ਮੇਰੀਏ ਵੀਰਾਂ ਦੀਆਂ ਦੁਆਵਾਂ ਲੈਂਦੀ ਜਾਹ।

ਮਾਂ – ਪੁੱਤ ਦਾ ਦੀਵਾਨ

ਮਾਂ : ਮੈਂ ਦੁੱਧ ਦੇਣ ਦੇ ਬਹਾਨੇ ਆਵਾਂ,
ਬਾਬਾ ਜੀ ਤੇਰੇ ਦਰਸ਼ਨ ਨੂੰ।

ਪੁੱਤ : ਤੇਰੇ ਬਾਬੇ ਨੂੰ ਬੇਬੇ ਅਸੀਂ ਸੋਧਣਾ,
ਮੁੰਡਿਆਂ ਨੇ ਕੀਤਾ ਫ਼ੈਸਲਾ।

ਮਾਂ : ਮੇਰੇ ਬਾਬੇ ਨੂੰ ਮੰਦਾ ਨਾ ਬੋਲੀਂ,
ਮੇਰੀ ਭਾਵੇਂ ਜਿੰਦ ਕੱਢ ਲੈ।

ਪੁੱਤ : ਤੇਰੀ ਜਿੰਦ ਕੱਢਕੇ ਕੀ ਲੈਣਾ,
ਬਾਬੇ ਦੇ ਵਜਾਊਂ ਚਿਮਟੇ।

ਮਾਂ : ਮੰਦਾ ਬੋਲ ਨਾ ਜ਼ੁਬਾਨ ਵਿੱਚੋਂ ਬੋਲੀਏ,
ਸਾਧੂ ਹੁੰਦੇ ਰੱਬ ਵਰਗੇ।

ਪੁੱਤ : ਰੱਬ ਵਰਗੇ ਸਾਧੂ ਨੂੰ ਕਰਾਂ ਸਿਜਦਾ,
ਬਾਬਾ ਤੇਰਾ ਠੱਗ ਵਰਗਾ।

ਮਾਂ : ਨਿੱਤ ਨਵੀਆਂ ਸੁਣਾ ਕੇ ਬਾਤਾਂ,
ਉਹ ਦੁਨੀਆ ਦੇ ਕੰਨ ਖੋਲ੍ਹਦਾ।

ਪੁੱਤ : ਉਹਨੂੰ ਵਿਹਲੜ ਨੂੰ ਆਉਂਦੀਆਂ ਨੇ ਬਾਤਾਂ,
ਪਤਾ ਲੱਗੇ ਗੁੱਡਣਾ ਪਵੇ।

ਮਾਂ : ਤੂੰ ਕੀ ਜਾਣੇ ਅਨਜਾਣਾ,
ਰੱਬ ਦਿਆਂ ਬੰਦਿਆਂ ਨੂੰ।

ਪੁੱਤ : ਇੱਕ ਤੇਰੇ ਤੋਂ ਸਿਵਾਏ ਸਾਰੇ ਜਾਣਦੇ,
ਬੇਬੇ ਉਹਦੇ ਧੰਦਿਆਂ ਨੂੰ।

ਮਾਂ : ਤੈਥੋਂ ਦੋ ਟੋਟਰੂ ਨੀਂ ਪਾਲੇ ਜਾਂਦੇ,
ਬਾਬਾ ਸਾਰਾ ਜੱਗ ਸਾਂਭਦਾ।

ਪੁੱਤ : ਇੱਕ ਚੋਗਾ ਵੀ ਬਣਾ ਕੇ ਦਿਖਾ ਦਵੇ,
ਖੇਤਾਂ ਵਿੱਚ ਕਰ ਮਿਹਨਤਾਂ।

ਮਾਂ : ਉਹਦੇ ਚਿਹਰੇ 'ਤੇ ਨਿਗਾਹ ਨਈਂਓਂ ਟਿਕਦੀ,
ਨਾਮ ਵਾਲ਼ਾ ਨੂਰ ਮੁੱਖ 'ਤੇ।

ਪੁੱਤ : ਲਾਲੀ ਕਾਜੂਆਂ-ਛੁਆਰਿਆਂ ਨੇ ਚਾੜ੍ਹੀ,
ਦੁੱਧ ਪੀ-ਪੀ ਕੱਢੇ ਗੋਗੜਾਂ।

ਮਾਂ : ਲੋਕੀ ਕਰਨ ਹੱਥਾਂ ਦੀਆਂ ਛਾਂਵਾਂ,
ਬਾਬੇ ਦਿਆਂ ਚੇਲਿਆਂ ਨੂੰ।

ਪੁੱਤ : ਚੇਲੇ-ਚਪਟੇ ਨਜ਼ਰ ਨੀਂ ਆਉਣੇ,
ਜਦ ਪਾਥੀਆਂ ਦਾ ਮੀਂਹ ਵਰ੍ਹਿਆ।

ਮਾਂ : ਉਹਨੂੰ ਨੇਤਾ ਵੀ ਸਲਾਮਾਂ ਕਰਦੇ,
ਦੂਰ ਤੱਕ ਪਹੁੰਚਾਂ ਉਹਦੀਆਂ।

ਪੁੱਤ : ਨੇਤਾ ਲੋਕਾਂ ਦਾ ਧਰਮ ਨਾ ਕੋਈ,
ਵੋਟਾਂ ਲਈ ਡਰਾਮੇ ਕਰਦੇ।

ਮਾਂ : ਕਾਹਤੋਂ ਕਰਦਾਂ ਬਾਬੇ ਦੀ ਬਦਖੋਈ,
ਤੇਰਾ ਕੀ ਉਹ ਬੋਤਾ ਘੇਰਦਾ?

ਪੁੱਤ : ਅਸੀਂ ਬੋਤਿਆਂ ਨਾਲ਼ ਜੂਨ ਹੰਡਾਈਏ,
ਉਹ ਗੱਡੀਆਂ 'ਚ ਫਿਰੇ ਘੁੰਮਦਾ।

ਮਾਂ : ਚੱਲ ਮਾਰ ਬਹਿਸ ਦੇ ਗੋਲ਼ੀ,
ਆਪਾਂ ਕਾਹਨੂੰ ਪਾਇਆ ਰੇੜਕਾ।

ਪੁੱਤ : ਚਾਹ ਕੈੜੀ ਜਈ ਬਣਾ ਦੇ ਬੇਬੇ ਮੇਰੀਏ,
ਮੈਂ ਖੋਲ੍ਹ ਕੇ ਲਿਆਇਆ ਵਹਿੜਕਾ।

ਮਾਂ : ਤੈਨੂੰ ਦੁੱਧ 'ਚ ਪੱਤੀ ਪਾ ਦੇਵਾਂ,
ਪੁੱਤਰਾ ਕਮਾਈਆਂ ਵਾਲ਼ਿਆ।

ਪੁੱਤ : ਤੇਰੇ ਚਰਨਾਂ 'ਤੇ ਸੀਸ ਨਿਵਾਵਾਂ,
ਤੂੰ ਖਹਿੜਾ ਛੱਡ ਬਾਬਿਆਂ ਦਾ।

ਮਾਂ : ਜਿਵੇ ਕਹੇਂਗਾ ਕਰੂਗੀਂ ਪੁੱਤਾ ਮੇਰਿਆ,
ਮੈਂ ਕੀ ਲੈਣਾ ਸਾਧ ਠੱਗਾਂ ਤੋਂ,
ਓ ਵਾਹਵਾ ਵਾਹਵਾ,
ਬਈ ਮੈਂ ਕੀ ਲੈਣਾ ਸਾਧ ਠੱਗਾਂ ਤੋਂ,

ਪੁੱਤ : ਮੇਰੀ ਬੇਬੇ ,
ਬਈ ਅਸੀਂ ਕੀ ਲੈਣਾ ਸਾਧ ਠੱਗਾਂ ਤੋਂ।

ਲਾਣੇਦਾਰੀ ਮੇਰੇ ਕੋਲੇ

ਆਪੋ ਆਪਣੇ ਸਾਂਭੋ ਧੰਦੇ, ਕੰਮ ਕਰੋ ਹੁਣ ਬਣ ਕੇ ਬੰਦੇ,
ਲਾਉਣੇ ਪੈਣ ਕਿਤੇ ਨਾ ਰੰਦੇ, ਨਾ ਕੋਈ ਅਣਗਹਿਲੀ ਕਰਿਓ ਜੀ,
ਲਾਣੇਦਾਰੀ ਮੇਰੇ ਕੋਲੇ ਚੱਲਣੀ ਨਹੀਂ ਚਾਰ ਸੌ ਵੀਹ।

ਨਾ ਕੋਈ ਚੱਪਲਾਂ-ਬੂਟ ਲਿਆਊ, ਜੀਹਦੇ ਜੋ ਕੋਲੇ , ਸੋ ਪਾਊ।
ਜਿਹੜਾ ਖਰਚੂ, ਜੁੱਤੀਆਂ ਖਾਊ, ਖਰਚਾ ਘੱਟ ਹੀ ਕਰਨਾ ਜੀ,
ਲਾਣੇਦਾਰੀ ਮੇਰੇ ਕੋਲੇ ਚੱਲਣੀ ਨਹੀਂ ਚਾਰ ਸੌ ਵੀਹ।

ਜੇ ਕੋਈ ਮੇਲਾ-ਮੰਗਣਾ ਆਊ, ਉਥੇ ਲਾਣੇਦਾਰ ਹੀ ਜਾਊ,
ਕੱਢਵੀਂ ਜੁੱਤੀ, ਸੂਟ ਸਿਲਾਊ, ਕਿਸੇ ਨੇ ਹਿਸਾਬ ਨਾ ਮੰਗਣਾ ਜੀ,
ਲਾਣੇਦਾਰੀ ਮੇਰੇ ਕੋਲੇ ਚੱਲਣੀ ਨਹੀਂ ਚਾਰ ਸੌ ਵੀਹ।

ਬਹੁਤਾ ਦੁੱਧ ਡੇਅਰੀ ਵਿੱਚ ਪਾਓ, ਰੋਟੀ ਦੋ ਵੇਲੇ ਹੀ ਖਾਓ,
ਐਵੇਂ ਨਾ ਖਾ-ਖਾ ਫੁੱਲੀ ਜਾਓ,
ਆਪਾਂ ਕਿਹੜਾ ਘੁਲਣ ਹੈ ਲੱਗਣਾ ਜੀ,
ਲਾਣੇਦਾਰੀ ਮੇਰੇ ਕੋਲੇ ਚੱਲਣੀ ਨਹੀਂ ਚਾਰ ਸੌ ਵੀਹ।

ਮੈਨੂੰ ਡਾਕਟਰ ਗੱਲ ਸਮਝਾਈ, ਖੂਨ ਦੀ ਘਾਟ ਮੇਰੇ ਵਿੱਚ ਆਈ,
ਪੰਜੀਰੀ ਤਾਂਹੀਓਂ ਮੈਂ ਬਣਵਾਈ,
ਤੁਸੀਂ ਇਹਨੂੰ ਹੱਥ ਨਾ ਲਾਇਓ ਜੀ,
ਲਾਣੇਦਾਰੀ ਮੇਰੇ ਕੋਲੇ ਚੱਲਣੀ ਨਹੀਂ ਚਾਰ ਸੌ ਵੀਹ।

ਬੰਤਾ ਖੇਤੀਂ ਕੰਮ ਸੰਭਾਲੂ, ਸੰਤਾ ਡੰਗਰ-ਵੱਛਾ ਪਾਲੂ,
ਭਜਨੋ ਚੁੱਲ੍ਹਾ-ਚੌਂਕਾ ਬਾਲੂ, ਬਾਕੀ ਵੀ ਮਹਿਕਮੇ ਵੰਡੂੰ ਜੀ,
ਲਾਣੇਦਾਰੀ ਮੇਰੇ ਕੋਲੇ ਚੱਲਣੀ ਨਹੀਂ ਚਾਰ ਸੌ ਵੀਹ।

ਮੌਜ ਉਡਾਇਓ, ਭੰਗੜੇ ਪਾਇਓ,
ਪਰ ਨਾ ਨਜ਼ਰਾਂ ਦੇ ਵਿੱਚ ਆਇਓ,
ਲੋਕਾਂ ਦੀ ਹੀ ਪੀਓ-ਖਾਇਓ, ਨਾ ਪੱਲਿਓਂ ਖਰਚਿਓ ਧੇਲੀ ਜੀ,
ਲਾਣੇਦਾਰੀ ਮੇਰੇ ਕੋਲੇ ਚੱਲਣੀ ਨਹੀਂ ਚਾਰ ਸੌ ਵੀਹ।

ਵਿਅੰਗ ਗੀਤ-ਗੱਠੇ

ਗੱਠੇ ਲੈ ਦੇ ਵੇ ਮਾਹੀਆ ਗੱਠੇ
ਵੇ ਹਾਣੀਆ ਗੱਠੇ ਲੈ ਦੇ ਵੇ ਮਾਹੀਆ ਗੱਠੇ,
ਸ਼ਾਮ ਨੂੰ ਲਾ ਕੇ ਸਾਗ ਨੂੰ ਤੜਕਾ,
ਬਹਿ ਖਾਵਾਂਗੇ 'ਕੱਠੇ।
ਵੇ ਹਾਣੀਆ ਗੱਠੇ ਲੈ ਦੇ ਵੇ ਮਾਹੀਆ ਗੱਠੇ...।

ਨੀ ਸੋਹਣੀਏਂ ਛੱਡ ਪਰਾਂ ਖਾਈਦੇ ਨੀਂ ਗੱਠੇ,
ਮੇਰੀ ਤੰਦਰੁਸਤੀ ਦੀ ਕਿਸ਼ਤੀ,
ਪਾ ਨਾ ਦੇਵੀਂ ਵੱਟੇ।
ਨੀ ਸੋਹਣੀਏਂ ਛੱਡ ਪਰਾਂ ਖਾਈਦੇ ਨੀਂ ਗੱਠੇ...।

ਪਹਿਲਾਂ ਤਾਂ ਬੋਰੀ ਭਰ ਸੀ ਲਿਆਉਂਦਾ,
ਹੁਣ ਨਾ ਲੈਂਦਿਆਂ ਹੀ ਘਬਰਾਉਂਦਾ?
ਬਿਨ ਤੜਕੇ ਤੋਂ ਮਟਰ ਸੋਹਣਿਆ,
ਬਣਦੇ ਮੱਠੇ-ਮੱਠੇ।
ਵੇ ਹਾਣੀਆ ਗੱਠੇ ਲੈ ਦੇ ਵੇ ਮਾਹੀਆ ਗੱਠੇ...।

ਕੀ ਦੱਸਾਂ ਤੈਨੂੰ ਸੱਚੀਆਂ ਬਾਤਾਂ,
ਸਾਡੇ ਭਾਅ ਦਾ ਪੈ ਗਈਆਂ ਰਾਤਾਂ।
ਰੇਟ ਪਿਆਜ਼ ਦੇ ਨਿੱਤ ਸੋਹਣੀਏਂ,
ਮਾਰੀ ਜਾਣ ਛਲੱਯੇ।
ਨੀ ਸੋਹਣੀਏਂ ਛੱਡ ਪਰਾਂ ਖਾਈਦੇ ਨੀਂ ਗੱਠੇ...।

ਆਂਢ-ਗੁਆਂਢੋਂ ਮਹਿਕ ਪਈ ਆਵੇ,
ਜਦ ਕੋਈ ਤੜਕਾ ਪਿਆਜ਼ ਦਾ ਲਾਵੇ।
ਬੇ-ਸੁਆਦੀਆਂ ਦਾਲਾਂ ਖਾਵਾਂ,
ਮੈਂ ਤਾਂ ਪਹਿਰ ਵੇ ਅੱਠੇ।
ਵੇ ਹਾਣੀਆ ਗੱਠੇ ਲੈ ਦੇ ਵੇ ਮਾਹੀਆ ਗੱਠੇ...।

ਫੋਕੇ ਤੜਕੇ ਲਾ ਛੱਡਿਆ ਕਰ,
(ਕੜ੍ਹੇ) ਤੇਲ 'ਚ ਪਾਣੀ ਪਾ ਛੱਡਿਆ ਕਰ।
ਸਾਡੇ ਕਿਹੜਾ ਉਹਨਾਂ ਵਾਂਗੂੰ,
ਚੱਲਦੇ ਨੇ ਭਾਈ ਭੱਠੇ।
ਨੀ ਸੋਹਣੀਏਂ ਛੱਡ ਪਰਾਂ ਖਾਈਦੇ ਨੀਂ ਗੱਠੇ...।

ਵੇ ਮਿੱਸੀ ਰੋਟੀ, ਉੱਤੇ ਗੰਢਾ,
ਨਾ ਮਿਲਦੀ ਸੀ ਤਾਂ ਚੁੱਕਦਾ ਸੀ ਡੰਡਾ।
ਹੁਣ ਉਹ ਤੇਰੇ ਸੁਆਦ ਸੋਹਣਿਆ,
ਦੱਸ ਕਿਧਰ ਨੂੰ ਨੱਠੇ ?
ਵੇ ਹਾਣੀਆ ਗੱਠੇ ਲੈ ਦੇ ਵੇ ਮਾਹੀਆ ਗੱਠੇ...।

ਸਾਧਾਂ ਨੇ ਕੀ ਸੁਆਦੋਂ ਲੈਣਾ,
ਜੈਸੀ ਮਿਲਜੇ, ਅੱਛਾ ਕਹਿਣਾ।
ਬਲਵਿੰਦਰ ਦੀ ਮੰਨ ਲਏ ਸੋਹਣੀਏਂ,
ਜਾਵਾਂਗੇ ਨਈਂ ਪੱਟੇ।
ਨੀ ਸੋਹਣੀਏਂ ਛੱਡ ਪਰਾਂ ਖਾਈਦੇ ਨੀਂ ਗੱਠੇ...।

ਐਵੇਂ ਨਾ ਪੀਆ ਕਰ ਢੋਲਾ

ਔਰਤ: ਐਵੇਂ ਨਾ ਪੀਆ ਕਰ ਢੋਲਾ,
ਤੇਰੇ ਹੱਡਾਂ ਦੇ ਵਿੱਚ ਰਚ ਜਾਊਗੀ।

ਮਰਦ: ਜੇ ਤੂੰ ਪਾਣੀ ਕਹੇਂ ਤਾਂ ਨਾ ਪੀਵਾਂ,
ਮੇਰਾ ਦਾਰੂ ਬਿਨਾਂ ਨਾ ਸਰਦਾ ਨੀ।

ਔਰਤ: ਵੇਖਣ ਨੂੰ ਭੈੜੀ ਲੱਗਦੀ ਏ,
ਕਿਵੇਂ ਕੋਲਿਆਂ ਵਾਂਗੂ ਦਗਦੀ ਏ,
ਮੈਨੂੰ ਸਮਝ ਨੀ ਆਉਂਦੀ ਤਾਂ ਵੀ ਕਿਉਂ,
ਮਹਿਬੂਬਾ ਸਾਰੇ ਜੱਗ ਦੀ ਏ।
ਜੀਹਨੂੰ ਬਾਹਰ ਹੀ ਅੱਗਾਂ ਲੱਗਦੀਆਂ ਨੇ,
ਉਹੋ ਅੰਦਰ ਜਾ ਕਿਵੇਂ ਪਚ ਜਾਊਗੀ,
ਐਵੇਂ ਨਾ ਪੀਆ ਕਰ ਢੋਲਾ,
ਤੇਰੇ ਹੱਡਾਂ ਦੇ ਵਿੱਚ ਰਚ ਜਾਊਗੀ।

ਮਰਦ: ਇਹ ਦਾਰੂ ਹੈ ਗੁਣਕਾਰੀ ਨੀ,
ਇਹ ਦੀ ਰਾਜਿਆਂ ਦੇ ਨਾਲ਼ ਯਾਰੀ ਨੀ,
ਇਹ ਤਾਂ ਦੇਵਤਿਆਂ ਨੇ ਰਲ਼ ਮਿਲ਼ ਕੇ,
ਮਸਾਂ ਅੰਬਰੋਂ ਹੇਠ ਉਤਾਰੀ ਨੀ।
ਇਹ ਤਾਂ ਕੁਦਰਤ ਦੀ ਹੈ ਦਾਤ ਕੁੜੇ,
ਕੋਈ ਪੀ ਕੇ ਇਹਨੂੰ ਮਰਦਾ ਨੀ,
ਜੇ ਤੂੰ ਪਾਣੀ ਕਹੇਂ ਤਾਂ ਨਾ ਪੀਵਾਂ,
ਮੇਰਾ ਦਾਰੂ ਬਿਨਾਂ ਨਾ ਸਰਦਾ ਨੀ।

ਔਰਤ: ਇਹ ਤਾਂ ਵੱਡਿਆਂ ਦੇ ਚੋਜ ਚੰਨਾ,
ਇਹ ਨਾ ਸਾਡੇ ਵੱਸ ਦਾ ਰੋਗ ਚੰਨਾ,
ਇਸ ਦਾਰੂ ਵੀਰਾਂ ਵੱਢੀ ਨੇ,
ਪਾਏ ਕਈ ਘਰਾਂ ਦੇ ਭੋਗ ਚੰਨਾ।
ਇਹ ਭੈਣ ਹੈ ਜ਼ਹਿਰੀ ਨਾਗਾਂ ਦੀ,

ਦੁੱਧ ਪੀਂਦਿਆਂ-ਪੀਂਦਿਆਂ ਡੱਸ ਜਾਊਗੀ,
ਐਵੇਂ ਨਾ ਪੀਆ ਕਰ ਢੋਲਾ,
ਤੇਰੇ ਹੱਡਾਂ ਦੇ ਵਿੱਚ ਰਚ ਜਾਊਗੀ।

ਮਰਦ: ਇਹਦਾ ਰੇਟ ਚੀਨੀ ਤੋਂ ਘੱਟ ਕੁੜੇ,
ਆਲਸ ਦੇ ਕੱਢੇ ਵੱਟ ਕੁੜੇ,
ਚਾਹ-ਪੱਤੀ ਜਾਂ ਦੁੱਧ ਲੈਣ ਲਈ,
ਨਾ ਜਾਣਾ ਪੈਂਦਾ ਹੱਟ ਕੁੜੇ।
ਤੂੰ ਵੀ ਚਾਹ ਦੀ ਥਾਂ ਪੈੱਗ ਲਾ ਲਿਆ ਕਰ,
ਚੁੰਨੀ ਦਾ ਕਰਕੇ ਪਰਦਾ ਨੀ,
ਜੇ ਤੂੰ ਪਾਣੀ ਕਹੇਂ ਤਾਂ ਨਾ ਪੀਵਾਂ,
ਮੇਰਾ ਦਾਰੂ ਬਿਨਾਂ ਨਾ ਸਰਦਾ ਨੀ।

ਔਰਤ: ਮਰ ਜਾਣੇ ਠੇਕੇਦਾਰਾਂ ਨੇ,
ਨਾਲ਼ੇ ਸਮੇਂ ਦੀਆਂ ਸਰਕਾਰਾਂ ਨੇ,
ਕਦੇ ਦੋ ਪਲ ਬਹਿ ਕੇ ਸੋਚਿਆ ਨਈਂ,
ਇਹਨੂੰ ਕਿਉਂ ਭੰਡਿਆ ਮੁਟਿਆਰਾਂ ਨੇ।
ਜਿਹੜੇ ਦੂਜਿਆਂ ਦੇ ਘਰ ਪੱਟਦੇ ਨੇ,
ਧੀ ਉਹਨਾਂ ਦੀ ਕਿਵੇਂ ਬਚ ਜਾਊਗੀ,
ਐਵੇਂ ਨਾ ਪੀਆ ਕਰ ਢੋਲਾ,
ਤੇਰੇ ਹੱਡਾਂ ਦੇ ਵਿੱਚ ਰਚ ਜਾਊਗੀ।

ਮਰਦ: ਨਾ ਮਾੜਾ ਕਿਸੇ ਨੂੰ ਆਖ ਕੁੜੇ,
ਇਹਦੇ ਵਿੱਚ ਕਾਹਦਾ ਪਾਪ ਕੁੜੇ,
ਦਾਰੂ ਦੀ ਖੱਟੀ ਕਰਕੇ ਹੀ,
ਤੇਰੀ ਬਿਜਲੀ ਦਾ ਬਿਲ 'ਮਾਫ਼ ਕੁੜੇ।
ਲੋਕਾਂ ਦੀ ਸੇਵਾ ਕਰਨ ਲਈ,
ਉਹ ਹਰ ਮੋੜ 'ਤੇ ਖੋਖਾ ਧਰਦਾ ਨੀ,
ਜੇ ਤੂੰ ਪਾਣੀ ਕਹੇਂ ਤਾਂ ਨਾ ਪੀਵਾਂ,
ਮੇਰਾ ਦਾਰੂ ਬਿਨਾਂ ਨਾ ਸਰਦਾ ਨੀ।

ਔਰਤ: ਮੈਂ ਕੱਲ੍ਹ ਜਾ ਕੇ ਆਈ ਸੀ ਡੇਰੇ 'ਤੇ,
ਬਾਬਾ ਦਿਆਲ ਬੜਾ ਸੀ ਮੇਰੇ 'ਤੇ,

ਉਹਨੇ ਪੁੜੀ ਤੇਰੇ ਲਈ ਦਿੱਤੀ ਏ,
ਕਹਿੰਦਾ ਮਲ਼ ਲੈਣੀ ਤੂੰ ਚਿਹਰੇ 'ਤੇ।
ਜੇ ਤੂੰ ਧਾਗਾ ਬੰਨ੍ਹ ਲਵੇਂ ਡੌਲ਼ੇ 'ਤੇ,
ਤੇਰੀ ਆਦਤ ਪੁੱਠੀ ਹਟ ਜਾਊਗੀ,
ਐਵੇਂ ਨਾ ਪੀਆ ਕਰ ਢੋਲਾ,
ਤੇਰੇ ਹੱਡਾਂ ਦੇ ਵਿੱਚ ਰਚ ਜਾਊਗੀ।

ਮਰਦ: ਤੇਰਾ ਬਾਬਾ ਬੜਾ ਖ਼ਰਾਬ ਕੁੜੇ,
ਉਹ ਤਾਂ ਡੇਰੇ ਕੱਢੇ ਸ਼ਰਾਬ ਕੁੜੇ,
ਵੇਖੀਂ ਉਹਦੇ ਧੱਕੇ ਚੜ੍ਹਜੀਂ ਨਾ,
ਉਹਦੇ ਪੱਟੇ ਆਏ ਨੀਂ ਤਾਬ ਕੁੜੇ।
ਉਹ ਤਾਂ ਚੇਲਿਆਂ ਨੂੰ ਨਿੱਤ ਵੰਡਦਾ ਏ,
ਭੁੱਕੀ, 'ਫੀਮ, ਸਿਗਰਟਾਂ, ਜਰਦਾ ਨੀ,
ਜੇ ਤੂੰ ਪਾਣੀ ਕਹੇਂ ਤਾਂ ਨਾ ਪੀਵਾਂ,
ਮੇਰਾ ਦਾਰੂ ਬਿਨਾਂ ਨਾ ਸਰਦਾ ਨੀ।

ਔਰਤ: ਹੁਣ ਬਾਬੇ ਪਿੱਛੇ ਪੈ ਗਿਆ ਏਂ,
ਨਾਲ਼ੇ ਬੋਤਲ ਖੋਲ੍ਹ ਕੇ ਬਹਿ ਗਿਆ ਏਂ,
ਤੂੰ ਆਪਣੇ ਵੱਲ ਵੀ ਵੇਖ ਜ਼ਰਾ,
ਕਿਵੇਂ ਤੀਲਾ ਬਣ ਕੇ ਰਹਿ ਗਿਆ ਏਂ।
ਇਹ ਗੁਰਦੇ ਤੇਰੇ ਫੇਲ੍ਹ ਕਰੂ,
ਨਾਲ਼ੇ ਖ਼ੂਨ ਵੀ ਸਾਰਾ ਚੱਟ ਜੂ ਗੀ,
ਐਵੇਂ ਨਾ ਪੀਆ ਕਰ ਢੋਲਾ,
ਤੇਰੇ ਹੱਡਾਂ ਦੇ ਵਿੱਚ ਰਚ ਜਾਊਗੀ।

ਮਰਦ: ਤੇਰੀ ਗੱਲ ਤਾਂ ਉਂਝ ਸਿਆਣੀ ਏ,
ਇਹ ਦਾਰੂ ਖ਼ਸਮਾਂ ਖਾਣੀ ਏ,
ਛੱਡਣ ਨੂੰ ਮੇਰਾ ਜੀਅ ਕਰਦਾ,
ਪਰ ਮਾੜੀ ਮੇਰੀ ਢਾਣੀ ਏ।
ਲਿਆ ਬੋਤਲਾਂ,ਅਧੀਏ ਭੰਨ੍ਹ ਸੁੱਟੀਏ,
ਇਹਦੇ ਬਿਨ ਮੈਂ ਨਾ ਮਰਦਾ ਨੀ,
ਅੱਜ ਤੋਂ ਮੈਂ ਦਾਰੂ ਨਾ ਪੀਵਾਂ,
ਮੇਰਾ ਪਾਣੀ ਨਾਲ਼ ਹੀ ਸਰਦਾ ਨੀਂ।

ਕਦ ਪੈ ਜਾਣੀ ਰਾਤ

ਕਦ ਪੈ ਜਾਣੀ ਰਾਤ ਬੰਦਿਆ, ਕਦ ਪੈ ਜਾਣੀ ਰਾਤ,
ਕਿਹੜਾ ਜਾਣੇ, ਕਿਸ ਨੂੰ ਮਿਲਣੀ, ਕੱਲ੍ਹ ਨਵੀਂ ਪ੍ਰਭਾਤ,
ਕਦ ਪੈ ਜਾਣੀ ਰਾਤ ਬੰਦਿਆ, ਕਦ ਪੈ ਜਾਣੀ ਰਾਤ।

ਆਇਆ ਹੈ ਦਮ, ਤਾਂ ਹੈ ਆਦਮੀ, ਮੁੜ ਗਿਆ ਦਮ, ਮੁਰਦਾ।
ਨਦੀ ਕਿਨਾਰੇ ਰੁੱਖੜਾ ਬੰਦਾ, ਰੋਜ਼-ਦਿਹਾੜੀ ਖੁਰਦਾ।
ਕਦੋਂ ਹੁੰਗਾਰੇ ਨੇ ਮੁੱਕ ਜਾਣਾ, ਵਿੱਚੇ ਛੱਡ ਕੇ ਬਾਤ,
ਕਦ ਪੈ ਜਾਣੀ ਰਾਤ ਬੰਦਿਆ, ਕਦ ਪੈ ਜਾਣੀ ਰਾਤ।

ਹਾਲੇ ਤਾਂ ਕੰਮ ਬਹੁਤ ਮੈਂ ਕਰਨੇ, ਪੈਸੇ ਨਾਲ਼ ਖਜ਼ਾਨੇ ਭਰਨੇ।
ਉਮਰ ਬੜੀ ਹਾਲੇ ਖਾਣਾ-ਪੀਣਾ, ਬੁੱਢੇ ਹੋ ਕੇ ਵੇਦ ਮੈਂ ਪੜ੍ਹਨੇ।
ਕੀ ਪਤਾ ਕਦ ਮੌਤ ਰਾਣੀ ਨੇ, ਕਹਿ ਦੇਣਾ ਆ ਝਾਤ,
ਕਦ ਪੈ ਜਾਣੀ ਰਾਤ ਬੰਦਿਆ, ਕਦ ਪੈ ਜਾਣੀ ਰਾਤ।

ਮੈਨੂੰ ਲੋਕ ਸਲਾਮਾਂ ਕਰਦੇ, ਪਿੰਡ ਵਾਲ਼ੇ ਮੇਰੇ ਤੋਂ ਡਰਦੇ।
ਹਰ ਥਾਂ ਮੇਰਾ ਸਿੱਕਾ ਚੱਲਦਾ, ਲੀਡਰ ਮੇਰਾ ਪਾਣੀ ਭਰਦੇ।
(ਪਰ) ਕੋਈ ਸਿਕੰਦਰ ਮੌਤ-ਮੈਦਾਨੇ, ਪਾ ਨੀਂ ਸਕਿਆ ਮਾਤ,
ਕਦ ਪੈ ਜਾਣੀ ਰਾਤ ਬੰਦਿਆ, ਕਦ ਪੈ ਜਾਣੀ ਰਾਤ।

ਹਾਲੇ ਕੱਲ੍ਹ ਤਾਂ ਚੰਗਾ ਭਲਾ ਸੀ, ਮੈਨੂੰ ਮਿਲਿਆ ਉੱਥੇ ਖੜ੍ਹਾ ਸੀ।
ਬਾਕੀ ਗੱਲਾਂ ਛੱਡੋ ਯਾਰੋ, ਜੋ ਵੀ ਸੀ, ਬੰਦਾ ਸਾਊ ਬੜਾ ਸੀ।
ਕਿਵੇਂ ਬਚੇ ਕੋਈ, ਰੱਬ ਦੇ ਯਮ ਤੋਂ, ਲਾ ਕੇ ਰੱਖਦਾ ਘਾਤ,
ਕਦ ਪੈ ਜਾਣੀ ਰਾਤ ਬੰਦਿਆ, ਕਦ ਪੈ ਜਾਣੀ ਰਾਤ।

ਅੱਜ ਦਾ ਕੰਮ ਨਾ ਕੱਲ੍ਹ 'ਤੇ ਛੱਡੀਏ,
ਜੱਗ ਵਿੱਚ ਬਹੁਤੇ ਪੈਰ ਨਾ ਗੱਡੀਏ।
ਰੱਬ ਨੂੰ ਮੰਨ ਜਾਂ ਨਾ ਮੰਨ ਬੰਦਿਆ,
ਰੱਬ ਨੂੰ ਪਰ ਨਾ ਗਾਲ਼ਾਂ ਕੱਢੀਏ।
ਇਹ ਜੀਵਨ ਵੀ ਰੱਬ ਦੀ ਹੀ ਤਾਂ, ਹੈ ਅਣਮੁੱਲੀ ਦਾਤ,
ਕਦ ਪੈ ਜਾਣੀ ਰਾਤ ਬੰਦਿਆ, ਕਦ ਪੈ ਜਾਣੀ ਰਾਤ।

ਲੋਕਾਂ ਦਾ ਕੋਈ ਦਰਦ ਵੰਡਾਂ ਲੈ,
ਸੱਚ,
ਨਿਮਰਤਾ ਗ਼ਲ਼ ਨਾ਼ਲ਼ ਲਾ ਲੈ।
ਕੂੜ-ਕਪਟ ਕਿਸੇ ਕੰਮ ਨੀਂ ਆਉਣਾ,
(ਕੋਈ) ਨਿੱਕਾ-ਮੋਟਾ ਪੁੰਨ੍ਹ ਕਮਾ ਲੈ।
ਰੱਬ ਦਾ ਸ਼ੁਕਰ ਮਨਾ ਬਲਵਿੰਦਰਾ, ਚੇਤੇ ਰੱਖ ਔਕਾਤ,
ਕਦ ਪੈ ਜਾਣੀ ਰਾਤ ਬੰਦਿਆ, ਕਦ ਪੈ ਜਾਣੀ ਰਾਤ।

ਮੰਗਵੇਂ ਸਾਹਾਂ 'ਤੇ ਕਾਹਦਾ ਮਾਣ!

ਜ਼ਿੰਦਗੀ ਦਾ ਕੀ ਪਤਾ ਕਦ, ਲੀਹੋਂ ਲੱਥ ਜਾਣੀ ਏ,
ਬੀਤੇ ਦੀ ਕਿੱਥੇ ਕਿਸ ਨੇ ਬਣਨਾ ਕਹਾਣੀ ਏ,
ਕਿਸ ਕੰਮ ਨੇ ਵਲ਼ ਜਦ ਸੜਜੇ ਬਾਣ,
ਨਾ ਬਹਿ ਬਣ ਬਣ ਜਿੰਦੇ ਮੰਗਵੇਂ ਸਾਹਾਂ 'ਤੇ ਕਾਹਦਾ ਮਾਣ।

ਮੇਰੇ ਨਾਂ ਮਹਿਲ-ਮਾੜੀਆਂ, ਮੇਰੇ ਨਾਂ ਗੱਡੀਆਂ ਕਾਰਾਂ,
ਮੇਰੇ ਹੀ ਨਾਂ ਦੇ ਹੇਠਾਂ, ਥਾਂ ਥਾਂ ਚੱਲਣ ਸਰਕਾਰਾਂ,
(ਪਰ) ਮਿੰਟਾਂ ਵਿੱਚ ਮਿਟ ਜਾਂਦੀ ਪਹਿਚਾਣ,
ਨਾ ਬਹਿ ਬਣ ਬਣ ਜਿੰਦੇ ਮੰਗਵੇਂ ਸਾਹਾਂ 'ਤੇ ਕਾਹਦਾ ਮਾਣ।

ਔਹ ਵੱਖਰੇ ਰਾਜਾਂ ਵਾਲ਼ੇ, ਔਹ ਵੱਖਰੇ ਕਰਮਾਂ ਵਾਲੇ,
ਔਹ ਵੱਖਰੇ ਦੇਸ਼ਾਂ ਵਾਲ਼ੇ, ਔਹ ਵੱਖਰੇ ਧਰਮਾਂ ਵਾਲੇ,
(ਪਰ) ਉਹਦੇ ਘਰ ਸਭ ਦਾ ਨਾਂ ਇਨਸਾਨ,
ਨਾ ਬਹਿ ਬਣ ਬਣ ਜਿੰਦੇ ਮੰਗਵੇਂ ਸਾਹਾਂ 'ਤੇ ਕਾਹਦਾ ਮਾਣ।

ਹੋ ਹੋ ਕੇ ਲੱਖਾਂ ਤੁਰ ਗਏ, ਦੁਨੀਆ ਨੂੰ ਜਿੱਤਣ ਵਾਲੇ,
ਸਫਿਆਂ 'ਚੋਂ ਮਨਫ਼ੀ ਹੋ ਗਏ, ਜਿਹੜੇ ਸੀ ਦਿਲ ਦੇ ਕਾਲੇ,
ਚੰਗੇ ਹੀ ਇਤਿਹਾਸਾਂ ਦੀ ਸ਼ਾਨ,
ਨਾ ਬਹਿ ਬਣ ਬਣ ਜਿੰਦੇ ਮੰਗਵੇਂ ਸਾਹਾਂ 'ਤੇ ਕਾਹਦਾ ਮਾਣ।

ਰੱਬ ਦਾ ਨਾਂ ਰੱਖ ਲੈ ਚੇਤੇ, ਹਉਮੇ ਦੀ ਛੱਡ ਕੇ ਕੰਨੀ,
ਮੁਸਲਮ ਤੇ ਸਿੱਖ-ਇਸਾਈ, ਹਿੰਦੂ ਸਭ ਇੱਕ ਹੀ ਮੰਨੀ,
ਹਰ ਇੱਕ ਵਿੱਚ ਧੜਕੇ ਇੱਕੋ ਜਾਨ,
ਨਾ ਬਹਿ ਬਣ ਬਣ ਜਿੰਦੇ ਮੰਗਵੇਂ ਸਾਹਾਂ 'ਤੇ ਕਾਹਦਾ ਮਾਣ।

ਤੂੰ ਵੀ ਇੱਕ ਦਿਨ 'ਬਲਵਿੰਦਰਾ', ਮਿੱਟੀ ਵਿੱਚ ਮਿੱਟੀ ਹੋਣਾ,
ਬਿਰਹਾ ਦੀ ਬੁੱਕਲ ਬਹਿ ਕੇ, ਛੱਡ ਦੇ ਸਭ ਰੋਣਾ-ਧੋਣਾ,
ਵੇਖੇ ਨਾ ਮੌਤ ਕਦੇ ਵੀ ਹਾਣ,
ਨਾ ਬਹਿ ਬਣ ਬਣ ਜਿੰਦੇ ਮੰਗਵੇਂ ਸਾਹਾਂ 'ਤੇ ਕਾਹਦਾ ਮਾਣ।

ਕੌਣ ਵੀਰਾਂ ਦਾ ਸਾਨੀ

ਚਾਚੇ-ਤਾਏ, ਦਾਦੇ-ਨਾਨੇ,
ਆਪੋ-ਆਪਣੀ ਥਾਂ ਅਹਿਮ ਨੇ,
ਮਾਂ ਦੀ ਥਾਂਵੇਂ ਮਾਸੀਆਂ-ਤਾਈਆਂ,
ਜਿਉਂ ਦੁੱਧ ਦੀ ਥਾਂ ਪਾਣੀ,
ਲੋਕੀ ਲੱਖ ਵਸਦੇ, ਕੌਣ ਵੀਰਾਂ ਦਾ ਸਾਨੀ।

ਭੀੜ ਪਈ 'ਤੇ ਵੀਰੇ ਹੀ ਤਾਂ ਬਾਂਹਵਾਂ ਬਣ ਬਣ ਖੜ੍ਹਦੇ,
ਆਪਣਿਆਂ ਦੀ ਪਿੱਠ ਨਾ ਲੱਗ ਜੇ, ਮੂਹਰੇ ਹੋ ਹੋ ਲੜਦੇ,
ਅਣਖ, ਸ਼ਾਨ ਤੇ ਇੱਜ਼ਤਾਂ ਦੇ ਲਈ, ਵਾਰ ਦਿੰਦੇ ਜ਼ਿੰਦਗਾਨੀ,
ਲੋਕੀ ਲੱਖ ਵਸਦੇ, ਕੌਣ ਵੀਰਾਂ ਦਾ ਸਾਨੀ।

ਅੱਖੀਆਂ ਸਾਹਵੇਂ ਆਪਣੇ ਨੂੰ ਜਦ ਆਪਣਾ ਕੋਈ ਬੁਲਾਵੇ,
ਹਰ ਇੱਕ ਦਾ ਦਿਲ ਆਪਣਿਆਂ ਨੂੰ ਭੀੜ 'ਚੋਂ ਲੱਭਣਾ ਚਾਹਵੇ,
ਖ਼ੂਨ ਤੇ ਦੁੱਧ ਦੀਆਂ ਸਾਂਝਾਂ ਵਾਲ਼ੀ, ਮੁੱਕਦੀ ਨਹੀਂ ਕਹਾਣੀ,
ਲੋਕੀ ਲੱਖ ਵਸਦੇ, ਕੌਣ ਵੀਰਾਂ ਦਾ ਸਾਨੀ।

ਭੈਣਾਂ ਲਈ ਤਾਂ ਵੀਰੇ ਹੁੰਦੇ, ਉਮਰ ਸਾਰੀ ਦੇ ਮਾਪੇ,
ਵੀਰਾਂ ਬਾਝੋਂ ਜੱਗ ਇਹ ਸਾਰਾ, ਸੁੰਨਾ-ਸੁੰਨਾ ਜਾਪੇ,
ਪੇਕੇ ਪਿੰਡ ਦੀ ਯਾਦ ਕੁੜੀ ਲਈ,
ਜਿਉਂ ਕੋਈ ਪਿਆਰ ਨਿਸ਼ਾਨੀ,
ਲੋਕੀ ਲੱਖ ਵਸਦੇ, ਕੌਣ ਵੀਰਾਂ ਦਾ ਸਾਨੀ।

ਝਗੜੇ-ਝੇੜੇ, ਵੰਡ-ਵੰਡੇਰੇ, ਕਿਹੜੇ ਘਰ ਨੀਂ ਹੋਏ?
ਸੁੱਖ-ਦੁੱਖ ਵੇਲ਼ੇ, ਆਪਣੇ ਹੀ ਤਾਂ ਮੋਢੇ ਜੋੜ ਖਲੋਏ,
ਬੋਲਣ ਨਾ 'ਬਲਵਿੰਦਰਾ' ਭਾਵੇਂ ਪਰ ਨਾ ਕਰਦੇ ਹਾਨੀ,
ਲੋਕੀ ਲੱਖ ਵਸਦੇ, ਕੌਣ ਵੀਰਾਂ ਦਾ ਸਾਨੀ।

ਮਨ ਦੀਆਂ ਗੱਲਾਂ

ਮਨ ਦੀਆਂ ਗੱਲਾਂ ਮਨ ਵਿੱਚ ਰੱਖਣੀਆਂ ਸਿੱਖ ਸੱਜਣਾ,
(ਇਥੇ)ਹਰ ਟਾਹਣੀ 'ਤੇ ਚੁ਼ਗਲਖ਼ੋਰਾਂ ਦੀਆਂ ਡਾਰਾਂ ਨੇ।

ਬੰਦਿਆਂ ਦੇ ਹੁਣ ਬੋਲ ਹੀ ਬਿਜਲੀ ਵਰਗੇ ਨੇ,
ਐਂਵੇ ਹੀ ਬਦਨਾਮ ਇਹ ਨੰਗੀਆਂ ਤਾਰਾਂ ਨੇ।

ਮਿੱਤਰ ਹੀ ਹੁਣ ਦੁਸ਼ਮਣ ਦਾ ਕੰਮ ਦੇ ਜਾਂਦੇ,
ਹਰ ਬੰਦੇ ਵਿੱਚ ਅੱਜਕੱਲ੍ਹ ਗੁਣ ਹਜ਼ਾਰਾਂ ਨੇ।

ਮੁੰਡਾ ਕਹਿੰਦਾ ਚੁੱਪ ਕਰ ਬਾਪੂ ਬੋਲੀਂ ਨਾ,
ਨਵੇਂ ਜ਼ਮਾਨੇ ਦੀਆਂ ਨਾ ਤੈਨੂੰ ਸਾਰਾਂ ਨੇ।

ਕੋਈ ਮਜਬੂਰੀ ਜਾਂ ਕੁਝ ਕਾਰਨ ਹੋਣਵਗੇ,
ਸ਼ੌਕ ਨਾਲ਼ ਇੰਝ ਨਚਦੀਆਂ ਕਦ ਮੁਟਿਆਰਾਂ ਨੇ!

ਕੁੱਝ ਸਾਧਾਂ, ਕੁੱਝ ਲੀਡਰਾਂ, ਕੁੱਝ ਅਮੀਰਾਂ ਨੇ,
ਰਹਿੰਦਾ ਖਾ ਲਿਆ ਦੇਸ਼ ਮੇਰਾ ਹਥਿਆਰਾਂ ਨੇ।

ਲਿਆਕਤ ਇਥੇ ਧਰੀ ਧਰਾਈ ਰਹਿ ਜਾਂਦੀ,
ਸਿਸਟਮ ਹੀ ਮੁੱਲ ਲੈ ਲਿਆ ਸਰਮਾਏਦਾਰਾਂ ਨੇ।

ਰਿਸ਼ਵਤਖ਼ੋਰ ਨੂੰ ਹਰ ਥਾਂ ਕੁਰਸੀਆਂ ਮਿਲਦੀਆਂ ਨੇ,
ਭਲੇਮਾਣਸ ਨੂੰ ਹਰ ਥਾਂ ਲੱਗਦੀਆਂ ਆਰਾਂ ਨੇ।

ਮੈਂ ਪੜ੍ਹਦਾ ਰਿਹਾ, ਪੱਲੇ ਸਾਈਕਲ, ਐਨਕ ਹੈ,
ਉਹ ਬਣ ਗਿਆ ਲੀਡਰ ਹੇਠਾਂ ਕਾਰਾਂ ਨੇ।

ਮੁੰਡੇ ਫਿਰ ਵੀ ਮਾਂ ਬੋਲੀ ਸੰਗ ਰਹਿੰਦੇ ਨੇ,
ਲੱਗਦੈ ਜਿਵੇਂ ਤਲਾਕ ਲਿਆ ਮੁਟਿਆਰਾਂ ਨੇ।

ਉਪਰੋਂ ਉਪਰੋਂ ਕਹੀਏ ਊਚਾਂ-ਨੀਚਾਂ ਨਈਂ,
ਮਨ ਅੰਦਰ ਪਰ ਜਾਤ-ਪਾਤ ਦੀਆਂ ਖਾਰਾਂ ਨੇ।

ਮਿਰਜ਼ੇ ਦੀ ਅੱਖ ਬਿਨਾਂ ਨਸ਼ੇ ਤੋਂ ਖੁੱਲ੍ਹਦੀ ਨਈਂ,
ਕੱਚਿਆਂ 'ਤੇ ਵੀ ਤਰਨਾ ਛੱਡ 'ਤਾ ਨਾਰਾਂ ਨੇ।

ਹੁਣ ਭੁੱਕੀ, ਡੋਡੇ, 'ਫੀਮ, ਸ਼ਰਾਬ ਹੀ ਰਹਿ ਗਏ ਨੇ,
ਦੱਸੋ ਕਿਥੇ ਵੱਜਦੀਆਂ ਦਹੀਂ 'ਚ ਧਾਰਾਂ ਨੇ।

ਅਸੀਂ ਪਤੰਗ ਉਡਾਏ ਬਣਾ ਅੱਜ ਕਾਗਜ਼ ਦੇ,
ਉਹਨਾਂ ਲਈ ਤਾਂ ਨਿੱਤ ਬਸੰਤ, ਬਹਾਰਾਂ ਨੇ।

ਬੜਾ ਔਖਾ ਲੱਭਣਾ ਫ਼ਰਕ ਤਾਰੀਫ਼ਾਂ, ਤਵਿਆਂ ਵਿੱਚ,
ਹੁਣ ਸਿੱਖ ਲਏ ਨਿਆਰੇ ਢੰਗ ਮੁਲਾਹਜ਼ੇਦਾਰਾਂ ਨੇ।

ਜਿਸ ਦਾ ਮੁੱਕਿਆ, ਉਹੀਓ ਕੀਰਨੇ ਪਾਉਂਦਾ ਏ,
ਲੋਕਾਂ ਗੀਤ ਸੁਣਾਉਣੇ ਜਾਂ ਫਿਰ ਵਾਰਾਂ ਨੇ।

ਜਦ *ਬਲਵਿੰਦਰਾ* ਟੁੱਟ ਗਿਆ ਬੁਲਬੁਲਾ ਪਾਣੀ ਦਾ,
ਚੱਕ ਲੋ ਚੱਕ ਲੋ ਕਹਿਣਾ ਫਿਰ ਦਿਲਦਾਰਾਂ ਨੇ।

ਪੈਰ ਪੈਰ 'ਤੇ ਮਰਨਾ ਪੈਂਦਾ

ਪੈਰ ਪੈਰ 'ਤੇ ਅੜਨਾ ਪੈਂਦਾ।
ਪੈਰ ਪੈਰ 'ਤੇ ਲੜਨਾ ਪੈਂਦਾ।
ਰੱਦੀ ਬੜਾ ਨਿਜ਼ਾਮ ਦੇਸ਼ ਦਾ,
ਪੈਰ ਪੈਰ 'ਤੇ ਮਰਨਾ ਪੈਂਦਾ।

ਪੈਰ ਪੈਰ 'ਤੇ ਰਿਸ਼ਵਤਖ਼ੋਰੀ।
ਪੈਰ ਪੈਰ 'ਤੇ ਹੈ ਕੰਮਚੋਰੀ।
ਬਿਨ ਛਪਿਆ ਬਿਲ ਚਾਹ-ਪਾਣੀ ਦਾ,
ਪੈਰ ਪੈਰ 'ਤੇ ਭਰਨਾ ਪੈਂਦਾ,
ਪੈਰ ਪੈਰ 'ਤੇ ਮਰਨਾ ਪੈਂਦਾ।

ਹਰ ਕੰਮ ਭੇਂਟ ਸਿਆਸਤ ਚੜ੍ਹਿਆ।
ਵੱਡਾ ਅਫਸਰ ਖੁੱਡ ਵਿੱਚ ਵੜਿਆ।
ਨਿੱਕੇ-ਨਿੱਕੇ ਕੰਮਾਂ ਦੇ ਲਈ,
ਵੱਡਾ ਚੌਧਰੀ ਫੜਨਾ ਪੈਂਦਾ,
ਪੈਰ ਪੈਰ 'ਤੇ ਮਰਨਾ ਪੈਂਦਾ।

ਨਾ ਕੋਈ ਡਰੇ ਮਿਲਾਵਟ ਕਰਨੋ,
ਝੂਠੀ ਸ਼ਾਨ-ਸਜਾਵਟ ਕਰਨੋ।
ਐਡ-ਭਰਮ ਦੇ ਚੱਕਰ ਵਿੱਚ ਪੈ,
ਸੇਲ ਦੇ ਧੱਕੇ ਚੜ੍ਹਨਾ ਪੈਂਦਾ,
ਪੈਰ ਪੈਰ 'ਤੇ ਮਰਨਾ ਪੈਂਦਾ।

ਆਵਾਜਾਈ ਦਾ ਨਿਯਮ ਨਾ ਕੋਈ,
ਹਰ ਪਲ, ਇੱਕ ਨਵੀਂ ਜਿੰਦ ਮੋਈ।
ਭੂਤਰਿਆਂ ਨੂੰ ਨੱਥ ਨੀਂ ਪੈਂਦੀ,
ਹਮ੍ਹਾ-ਤਮ੍ਹਾ ਨੂੰ ਡਰਨਾ ਪੈਂਦਾ,
ਪੈਰ ਪੈਰ 'ਤੇ ਮਰਨਾ ਪੈਂਦਾ।

ਸਾਇੰਸ ਉਚਾਈਆਂ ਕਿੰਨੀਆਂ ਚੜ੍ਹ ਗਿਆ,
ਮਾਂ ਦੀ ਕੁੱਖ ਤੱਕ ਪਹੁੰਚ ਕਰ ਗਿਆ।

ਸਾਡੀ ਸੋਚ ਪਤਾਲੀਂ ਵੜ ਗਈ,
ਵਾਂਗ ਲੂਣ ਦੇ ਖਰਨਾ ਪੈਂਦਾ,
ਪੈਰ ਪੈਰ 'ਤੇ ਮਰਨਾ ਪੈਂਦਾ।

ਲੱਚਰਤਾ ਦੇ ਕੀ ਨੇ ਕਹਿਣੇ,
ਨੈੱਟ, ਮੋਬਾਈਲ ਨੇ ਇਹਦੇ ਗਹਿਣੇ।
ਜੋਸ਼-ਜਵਾਨੀ ਸ਼ਰਮ ਨਾ ਖਾਵੇ,
ਵੱਡਿਆਂ ਨੂੰ ਹੀ ਹਰਨਾ ਪੈਂਦਾ,
ਪੈਰ ਪੈਰ 'ਤੇ ਮਰਨਾ ਪੈਂਦਾ।

ਬੇਰੁਜ਼ਗਾਰ ਜਵਾਨੀ ਫਿਰਦੀ,
ਸੱਧਰ ਉਹਨਾਂ ਦੀ ਜਾਂਦੀ ਕਿਰਦੀ।
ਰੋਜ਼ੀ ਖ਼ਾਤਰ ਨਿੱਤ ਰੈਲੀਆਂ,
ਨਿੱਤ ਹੀ ਲਾਉਣਾ ਧਰਨਾ ਪੈਂਦਾ,
ਪੈਰ ਪੈਰ 'ਤੇ ਮਰਨਾ ਪੈਂਦਾ।

ਧਰਮਾਂ ਵਾਲਿਓ, ਕਰਮਾਂ ਵਾਲਿਓ,
ਕਿਥੇ ਹੋ ਤੁਸੀਂ ਭਰਮਾਂ ਵਾਲਿਓ?
ਧਰਮ, ਕਰਮ ਤੇ ਭਰਮ ਦੇ ਨਾਂ 'ਤੇ,
ਕੀ ਕੁੱਝ ਇਥੇ ਜਰਨਾ ਪੈਂਦਾ,
ਪੈਰ ਪੈਰ 'ਤੇ ਮਰਨਾ ਪੈਂਦਾ।

ਸੱਚ ਦਾ ਨਾ ਕੋਈ ਸੁਣਦਾ ਹੋਕਾ,
ਨਫਰਤ-ਭੱਠੀ ਲਾ ਲਾ ਝੋਕਾ,
ਡੱਬੂ ਕੰਧ 'ਤੇ ਜਾ ਬਹਿੰਦੇ ਨੇ,
ਜਨਤਾ ਨੂੰ ਹੀ ਸੜਨਾ ਪੈਂਦਾ,
ਪੈਰ ਪੈਰ 'ਤੇ ਮਰਨਾ ਪੈਂਦਾ।

ਕਿਵੇਂ ਨਿਜ਼ਾਮ ਨੂੰ ਨੱਥ ਕੋਈ ਪਾਵੇ,
ਸੀਸ ਤਲੀ 'ਤੇ ਰੱਖ ਕੋਈ ਆਵੇ,
ਰੁੱਖ ਹਵਾ ਦਾ ਬਦਲਣ ਦੇ ਲਈ,
ਸੂਲੀ 'ਤੇ ਤਾਂ ਚੜ੍ਹਨਾ ਪੈਂਦਾ,
ਪੈਰ ਪੈਰ 'ਤੇ ਮਰਨਾ ਪੈਂਦਾ।

ਪੈਸਾ, ਭੋਜਨ ਅਤੇ ਨਾਰੀ

ਪੈਸਾ, ਭੋਜਨ ਅਤੇ ਨਾਰੀ, ਤਿੰਨੋਂ ਪਰਦੇ ਦੇ ਅਧਿਕਾਰੀ,
ਜਦ ਮੈਂ ਪੜ੍ਹੀ ਸਤਰ ਇਹ ਸਾਰੀ, ਲੱਗੀ ਮੈਨੂੰ ਬੜੀ ਨਿਆਰੀ!

ਪੈਸਾ ਕਿੰਝ ਲੁਕਿਆ ਰਹਿ ਸਕਦਾ, ਭੋਜਨ ਕੌਣ ਲੁਕੋ ਕੇ ਰੱਖਦਾ,
ਨਾਰੀ 'ਤੇ ਕਿਉਂ ਪਰਦਾ ਪਾਉਣਾ,
ਕਿਉਂ ਜੱਗ ਦਾ ਇਸ ਬਿਨ ਨਹੀਂ ਸਰਦਾ?
ਪਰ
ਗੱਲ ਇਹ ਪੰਦਰਾਂ ਸਾਲ ਪੁਰਾਣੀ,
ਜਦ ਸੀ ਮੇਰੀ ਉਮਰ ਨਿਆਣੀ।
ਅੱਜ ਜਦ ਮੁੜ ਮੈਂ ਸਤਰ ਇਹ ਪੜ੍ਹਦਾਂ,
ਇੱਕ-ਇੱਕ ਸ਼ਬਦ 'ਤੇ ਰੁਕ-ਰੁਕ ਖੜ੍ਹਦਾਂ,
ਅਰਥ ਇਹਦੇ ਹੁਣ ਨਵੇਂ ਮੈਂ ਫੜਦਾਂ।
ਪੈਸਾ ਪਰਦੇ ਦਾ ਅਧਿਕਾਰੀ, ਗੱਲ ਸਿਆਣਿਆਂ ਸੱਚ ਉਚਾਰੀ।
ਹਰ ਕੋਈ ਬਟੂਆ ਜੇਬ 'ਚ ਪਾਵੇ।
ਨੋਟਾਂ ਨੂੰ ਬਕਸੂਏ ਵਿੱਚ ਪਾ, ਕੋਈ ਮੋਢੇ 'ਤੇ ਨਾ ਲਮਕਾਵੇ।
ਜਾਂ ਫਿਰ ਕਿਸੇ ਰੁਮਾਲ 'ਚ ਬੰਨ੍ਹ ਕੇ,
ਪੇਟੀ ਜਾਂ ਸੰਦੂਕ 'ਚ ਧਰਿਆ,
ਉੱਤੇ ਖੇਸ-ਰਜਾਈਆਂ ਸੁੱਟ ਕੇ, ਪੈਸੇ ਉਪਰ ਪਰਦਾ ਕਰਿਆ।
ਜਾਂ ਅਲਮਾਰੀ ਦੇ ਲਾਕਰ ਰੱਖ, ਕਈ ਝੜ੍ਹਾਂ ਦਾ ਤਾਲਾ ਲਾਇਆ,
ਜਾਂ ਬੈਕਾਂ ਵਿੱਚ ਰੱਖ ਕੇ ਪੈਸਾ, ਉਪਰ ਪਹਿਰੇਦਾਰ ਬਿਠਾਇਆ।
ਪੈਸੇ ਦੀ ਇਹੋ ਮਰਿਆਦਾ, ਪੈਸਾ ਪਰਦੇ ਦਾ ਅਧਿਕਾਰੀ।
ਜੋ ਪੈਸੇ ਦਾ ਕਰੇ ਵਿਖਾਵਾ, ਉਹਦੀ ਸਮਝੋ ਗਈ ਮੱਤ ਮਾਰੀ।
ਪੈਸਾ ਜਾਂਦਾ, ਜਾਂਦਾ ਜਾਣਾ, ਪੈਸੇ ਬਾਅਦੋਂ ਉਹਦੀ ਵਾਰੀ।
ਕੋਈ ਅਰਬਾਂ ਦੇ ਮਹਿਲ ਉਸਾਰੇ,
ਕੋਈ ਕਰੋੜ ਕਾਰਾਂ ਲਈ ਵਾਰੇ।
ਕੋਈ ਬਰਾਤ ਜਹਾਜ਼ 'ਚ ਜਾਵੇ, ਕੋਈ ਭੋਗਾਂ 'ਤੇ ਲੱਖਾਂ ਲਾਵੇ।
ਇਹ ਕੰਮ ਹਊਮੇ ਵਾਲ਼ੇ ਕਰਦੇ,
ਇਹ ਕੰਮ ਦਿਲ ਦੇ ਕਾਲ਼ੇ ਕਰਦੇ।
ਇਹ ਸਭ ਕੰਮ ਵਿਖਾਵੇ ਦੇ ਨੇ, ਨਾ ਇਹ ਮਨ ਪ੍ਰਚਾਵੇ ਦੇ ਨੇ,
ਆਪਣੇ ਮਨ ਨੂੰ ਖੁਸ਼ੀਆਂ ਦੇ ਕੇ, ਦੂਜੇ ਮਨ ਅੱਗ ਲਾਵੇ ਦੇ ਨੇ।

ਤੱਕਦਾ ਜਦੋਂ ਗ਼ਰੀਬ ਇਹ ਕਾਰੇ,
ਉਹਦਾ ਦਿਲ ਉਦੋਂ ਧਾਹਾਂ ਮਾਰੇ,
ਕਦੇ ਮਹਿਲ, ਕਦੇ ਤੱਕਦਾ ਢਾਰੇ, ਸੋਚੇ ਸਾਡੇ ਲੇਖ ਕਿਉਂ ਮਾੜੇ?
ਕਦੇ ਸੋਚੇ ਮੈਂ ਡਾਕੇ ਮਾਰਾਂ, ਕਦੇ ਸੋਚੇ ਚੋਰੀ ਨਾਲ਼ ਸਾਰਾਂ,
ਕਦੇ ਸੋਚੇ ਕਰਾਂ ਖੋਹਾਂ-ਲੁੱਟਾਂ, ਪੂੰਜੀਪੱਤੀ ਫੜ-ਫੜ ਕੁੱਟਾਂ।
ਕੀ ਕੀ ਸੋਚੇ ਭੁੱਖਾ ਮਰਦਾ, ਉਹੀਓ ਜਾਣੇ ਜਿਹੜਾ ਜਰਦਾ।

ਇਹ ਸੋਚਾਂ ਨਾ ਉਪਜਣ ਭਾਈ, ਬਣੇ ਪਹਾੜ ਨਾ ਦਾਣਾ ਰਾਈ।
ਪੈਸਾ ਪਰਦੇ ਦਾ ਅਧਿਕਾਰੀ, ਜਾਵੇ ਨਾ ਗੱਲ ਮਨੋਂ ਵਿਸਾਰੀ।
ਇਹ ਵੀ ਸੋਚੋ ਜੱਗ ਦੇ ਉੱਤੇ, ਕਾਣੀ ਵੰਡ ਕਿਉਂ ਅੱਜ ਦੀ ਰੁੱਤੇ?
ਕਿਉਂ ਇੱਕ ਮਹਿਲੀਂ ਪੱਟ ਹੰਢਾਵੇ,
ਕਿਉਂ ਇੱਕ ਫ਼ੁੱਟ-ਪਾਥੀਂ ਰੁਲ ਜਾਵੇ?
ਸੋਚੋ, ਸੋਚੋ, ਸੋਚੋ, ਸੋਚੋ !! ਕੀ ਕਦੇ ਇਹ ਗੱਲ ਵਿਚਾਰੀ?
ਪੈਸਾ ਪਰਦੇ ਦਾ ਅਧਿਕਾਰੀ॥

ਦੂਜੀ ਗੱਲ ਭੋਜਨ ਦੀ ਕਰੀਏ,
ਪਹਿਲਾਂ ਇਹਦੇ ਅਰਥ ਨੂੰ ਫੜੀਏ।
ਇੱਕ ਭੋਜਨ ਢਿੱਡ ਦੀ ਭੁੱਖ ਮਾਰੇ,
ਇੱਕ ਭੋਜਨ ਤਨ ਦੀ ਭੁੱਖ ਠਾਰੇ,
ਇੱਕ ਭੋਜਨ ਮਨ ਦੀ ਭੁੱਖ ਲਾਹੁੰਦਾ,
ਹਰ ਭੋਜਨ ਨੂੰ, ਹਰ ਕੋਈ ਚਾਹੁੰਦਾ।

ਜਿਹੋ ਜਿਹਾ ਸੰਸਾਰ ਜੀਵ ਦਾ, ਉਹੋ ਜਿਹਾ ਆਹਾਰ ਜੀਵ ਦਾ।
ਕੋਈ ਦੁੱਧ ਪੀਵੇ, ਕੋਈ ਫ਼ਲ਼ ਖਾਵੇ,
ਕੋਈ ਪੱਕਿਆ, ਕੋਈ ਕੱਚਾ ਚਾਹਵੇ,
ਜਿਹੋ ਜਿਹਾ ਜਿਸ ਖੇਤਰ ਮਿਲਦਾ, ਉਹੋ ਢਿੱਡ ਦੀ ਭੁੱਖ ਮਿਟਾਵੇ।
ਕੋਈ ਕਿਸੇ ਵਸਤ ਨੂੰ ਹੱਥ ਨਾ ਲਾਵੇ,
ਕੋਈ ਵਸਤ ਕਿਸੇ ਮਨ ਭਾਵੇ,
ਕੀ ਲੈਣਾ ਭਾਈ ਨਿੰਦਕ ਬਣ ਕੇ,
ਜਿਸ ਦਾ ਜੋ ਮਨ ਕਰੇ, ਸੋ ਖਾਵੇ।
ਆਪਣੇ ਘਰ ਜੋ ਮਰਜ਼ੀ ਖਾਓ, ਲੋਕਾਂ ਦੇ ਨਾ ਦਿਲ ਤੜਫਾਓ।
ਪੈਸੇ ਵਾਲਾ ਫਾਰਮੂਲਾ ਹੀ, ਭੋਜਨ ਕਰਦਿਆਂ ਵੀ ਅਪਣਾਓ।

ਵਾਰਸ ਸ਼ਾਹ ਦੇ ਲੋਕ-ਸੱਚ ਨੂੰ, ਭੁੱਲ ਕੇ ਵੀ ਨਾ ਮਨੋ ਭੁਲਾਓ,
ਭੁੱਲੋ ਨਾ ਲੁਕਾਉਣਾ ਜੱਗ ਤੋਂ, ਭਾਵੇਂ ਆਪਣਾ ਹੀ ਗੁੜ ਖਾਓ॥

ਤਨ ਦਾ ਭੋਜਨ ਪਰਦੇ ਪਿੱਛੇ, ਪਰਦੇ ਉਪਰ ਨਾ ਲਿਆਓ,
ਸ਼ਰਮ, ਹਿਆ ਤੇ ਲਾਜ-ਲਿਆਕਤ,
ਕੂੜਾ-ਦਾਨ ਦੇ ਵਿੱਚ ਨਾ ਪਾਓ।
ਪਸ਼ੂਆਂ ਤੇ ਇਨਸਾਨਾਂ ਵਿਚਲੇ, ਸਮਝ-ਫਰਕ ਨੂੰ ਨਾ ਦਫਨਾਓ॥

ਮਨ ਦਾ ਭੋਜਨ ਰੱਜ-ਰੱਜ ਖਾਓ, ਦੂਜੇ ਦਾ ਨਾ ਮਨ ਤੜਫਾਓ।
ਇਸ ਭੋਜਨ ਦੀਆਂ ਵੀ ਕਈ ਕਿਸਮਾਂ,
ਥੋਡਾ ਜੋ ਜੀ ਕਰਦਾ ਖਾਓ।
ਕੋਈ ਇਹ ਭੋਜਨ ਧਰਮ 'ਚੋਂ ਖਾਵੇ,
ਕੋਈ ਇਸ ਖਾਤਰ ਸ਼ੌਕ ਪੁਗਾਵੇ।
ਹਰ ਕੋਈ ਬੰਦਾ ਆਪਣੇ ਢੰਗ ਨਾਲ਼,
ਚੈਨ, ਸਕੂਨ ਤੇ ਸ਼ਾਂਤੀ ਚਾਹਵੇ।

ਦੁਨੀਆ ਉੱਤੇ ਧਰਮ ਹਜ਼ਾਰਾਂ, ਮੈਨੂੰ ਤਾਂ ਭੋਰਾ ਨਾ ਸਾਰਾਂ,
ਇਸੇ ਲਈ ਮੈਂ ਕੋਠੇ ਚੜ੍ਹਕੇ, ਨਾ ਕਿਸੇ ਰੱਬ ਨੂੰ ਹਾਕਾਂ ਮਾਰਾਂ।
ਨਾ ਮੈਂ ਲਾਊਡ ਸਪੀਕਰ ਲਾ ਕੇ,
ਗਾਵਾਂ ਕਿਸੇ ਧਰਮ ਦੀਆਂ ਵਾਰਾਂ।
ਨਾ ਮੈਂ ਕਿਸੇ ਦੀ ਨਿੰਦਾ ਕਰਦਾਂ,
ਨਾ ਮੈਂ ਕਿਸੇ ਲਈ ਰੱਖਾਂ ਖਾਰਾਂ।

ਸਾਰੇ ਧਰਮ ਹੀ ਮਾਨਵਤਾ ਦਾ,
ਵੱਖ ਵੱਖ ਢੰਗੀਂ ਸਬਕ ਪੜ੍ਹਾਉਂਦੇ।
ਸਾਰੇ ਧਰਮ ਹੀ ਵੱਖ ਵੱਖ ਢੰਗੀਂ, ਇਕੋ ਹੀ ਤਾਂ ਰੱਬ ਧਿਆਉਂਦੇ।
ਫਿਰ ਕਿਉਂ ਕਿਸੇ ਦੀ ਨਿੰਦਾ ਕਰੀਏ,
ਫਿਰ ਕਿਉਂ ਕਿਸੇ ਨੂੰ ਮਾੜਾ ਕਹੀਏ,
ਜਿਹਦਾ ਜੋ ਜੀਅ ਕਰਦਾ ਧਿਆਵੇ,
ਆਪਾਂ ਜੋ ਮਰਜ਼ੀ ਨਾਂ ਲਈਏ।
ਪਰ ਨਾ ਇਕ ਗੱਲ ਮਨੋ ਭੁਲਾਈਏ,
ਭੋਜਨ ਪਰਦੇ ਦਾ ਅਧਿਕਾਰੀ।
ਉੱਚੇ ਕਈ ਸਪੀਕਰ ਲਾ ਕੇ, ਜਲਸੇ ਅਤੇ ਜਲੂਸ ਸਜਾ ਕੇ,

ਬਰਛੇ, ਨੇਜ਼ੇ, ਡਾਂਗਾਂ ਲੈ ਕੇ, ਘੋੜਿਆਂ,
ਹਾਥੀਆਂ ਉਪਰ ਬਹਿ ਕੇ,
ਲੋਕਾਂ ਵਿੱਚ ਨਾ ਦਹਿਸ਼ਤ ਪਾਈਏ,
ਅਸੀਂ ਵੱਡੇ ਨਾ ਇਹ ਜਚਾਈਏ।
ਟ੍ਰੈਫਿਕ ਵਿਚ ਵੀ ਵਿਘਨ ਨਾ ਪਾਈਏ,
ਬੰਬ-ਪਟਾਕੇ ਨਾ ਚਲਾਈਏ।
ਬਾਬੇ, ਗੁਰੂਆਂ, ਪੀਰਾਂ ਦੀ ਗੱਲ,
ਪਿਆਰ ਨਾਲ਼, ਅੰਦਰ ਸਮਝਾਈਏ।

ਧਰਮ ਤਾਂ ਜੱਗ ਨੂੰ ਜੋੜਨ ਲਈ ਨੇ,
ਨਫਰਤ ਸਾੜਾ ਤੋੜਨ ਲਈ ਨੇ,
ਧਰਮੀ ਬਣਕੇ, 'ਕੱਠੇ ਹੋਈਏ,
ਧਰਮ ਨਾ ਪਾਸੇ ਮੋੜਨ ਲਈ ਨੇ।
ਚੰਗਾ ਹੋਵੇ ਧਰਮ ਦਾ ਕਾਰਜ, ਪਰਦੇ ਅਤੇ ਪਿਆਰ ਨਾਲ਼ ਹੋਵੇ,
ਨਾ ਕੋਈ ਕਿਸੇ ਦਾ ਦਿਲ ਦੁਖਾਵੇ,
ਨਾ ਕੋਈ ਕਿਸੇ ਨੂੰ ਜਿੱਤਣਾ ਚਾਹਵੇ।
ਧਰਮ ਨੂੰ ਮਨ ਦਾ ਭੋਜਨ ਮੰਨ ਕੇ, ਜੀਹਦਾ ਜੋ ਜੀ ਕਰਦਾ ਖਾਵੇ,
ਜਿਹੜਾ ਜਿਥੇ ਮਰਜ਼ੀ ਜਾਵੇ, ਜੋ ਜੀ ਕਰਦਾ ਸੋ ਧਿਆਵੇ॥

ਤੀਜੀ ਗੱਲ ਨਾਰੀ ਦੀ ਕਰੀਏ, ਨਾਰੀ ਪਰਦੇ ਦੀ ਅਧਿਕਾਰੀ।
ਪਰਦਾ ਮਤਲਬ ਘਰ ਵਿੱਚ ਕੈਦ ਨਈਂ,
ਨਾ ਨਾਰੀ ਤੇ ਬੰਦਸ਼ਾਂ, ਰੋਕਾਂ।
ਨਾਰੀ ਡਾਕਟਰ, ਨਾਰੀ ਅਫਸਰ,
ਨਾਰੀ ਰਾਸ਼ਟਰਪਤੀ ਬਣੀ ਹੈ,
ਨਾਰੀ ਤਾਂ ਹੁਣ ਸਾਗਰ ਬਣ ਗਈ,
ਨਾਰੀ ਨਾ ਹੁਣ ਬੂੰਦ-ਕਣੀ ਹੈ।
ਨਾਰੀ ਅੰਬਰਾਂ ਉਪਰ ਘੁੰਮੇ, ਨਾਰੀ ਐਵਰੈਸਟ ਨੂੰ ਚੁੰਮੇ।
ਨਾਰੀ ਹਰ ਖੇਤਰ ਵਿੱਚ ਰਾਣੀ,
ਨਾਰੀ ਤਾਂ ਹੁਣ ਸਭ ਤੋਂ ਸਿਆਣੀ।
ਫਿਰ ਵੀ ਇੱਕ ਗੱਲ ਬਹੁਤ ਜ਼ਰੂਰੀ,
ਨਾਰੀ ਪਰਦੇ ਦੀ ਅਧਿਕਾਰੀ।
ਪਰਦਾ ਲਾਹ-ਲਾਹ ਨਾਰੀ ਉਪਰੋਂ, ਲੋਕਾਂ ਇਹਦੀ ਇੱਜ਼ਤ ਮਾਰੀ।
ਪਰਦਾ ਜੇ ਨਾ ਹੁੰਦਾ ਜ਼ਰੂਰੀ, ਦਰੋਪਤੀ ਖੁਦ ਲਾਹ ਦਿੰਦੀ ਸਾੜੀ।

ਪਰ ਓਸ ਨੇ ਪਰਦੇ ਖਾਤਰ, ਦਿਲ ਤੋਂ ਹਾਕ ਕ੍ਰਿਸ਼ਨ ਨੂੰ ਮਾਰੀ।
ਪਰਦੇ ਦੀ ਪੱਤ ਰੱਖਣ ਦੇ ਲਈ,
ਪਹੁੰਚ ਗਏ ਸੀ ਕ੍ਰਿਸ਼ਨ ਮੁਰਾਰੀ।
ਸਮਝ ਨੀਂ ਆਉਂਦੀ ਚੀਰ-ਹਰਨ ਹੁਣ,
ਆਪੇ ਆਪਣਾ ਕਰੇ ਕਿਉਂ ਨਾਰੀ।
ਪੈਸੇ ਖਾਤਰ ਕੁੱਝ ਭੈਣਾਂ ਦੀ,
ਕਲਯੁੱਗ ਦੇ ਵਿੱਚ ਮੱਤ ਗਈ ਮਾਰੀ।
ਇੱਕ-ਇੱਕ ਕਰਕੇ ਪਰਦਾ ਚੁੱਕੀ
ਜਾਂਦੀ ਹਰ ਇੱਕ ਵਿਆਹੀ, ਕੁਆਰੀ।
ਬਾਪੂ ਰੋਕਾਂ ਲਾਉਂਦਾ ਮਰ ਗਿਆ,
ਬੇਬੇ ਮੱਤਾਂ ਦੇ ਦੇ ਹਾਰੀ।
ਸਮਝ ਨੀਂ ਆਉਂਦੀ ਮੈਨੂੰ ਤਾਂ ਭਾਈ,
ਕੀ ਵਿਖਾਉਣਾ ਚਾਹੁੰਦੀ ਨਾਰੀ?

ਇਹ ਸਭ ਗੱਲਾਂ ਨਾਰੀ ਦੀ ਇੱਜ਼ਤ ਨੂੰ ਖੋਰਾ ਲਾਉਣ ਵਾਲ਼ੀਆਂ।
ਇਹ ਸਭ ਗੱਲਾਂ ਧੀ, ਭੈਣ ਤੇ ਮਾਂ ਦੀਆਂ ਸੋਚਾਂ ਧੋਣ ਵਾਲ਼ੀਆਂ।
ਇਹ ਸਭ ਗੱਲਾਂ ਆਮ ਨਾਰੀ ਨੂੰ
ਮੁਸ਼ਕਲ ਦੇ ਵਿੱਚ ਪਾਉਣ ਵਾਲ਼ੀਆਂ।
ਅਗਵਾ, ਕਤਲ, ਬਲਾਤਕਾਰਾਂ ਲਈ
ਲੋਕਾਂ ਨੂੰ ਉਕਸਾਉਣ ਵਾਲ਼ੀਆਂ।
ਵੀਰ ਮੇਰਿਓ ਕੀ-ਕੀ ਆਖਾਂ ਗੱਲਾਂ ਬਹੁਤ ਸੁਣਾਉਣ ਵਾਲ਼ੀਆਂ।
ਇਹ ਸਭ ਗੱਲਾਂ ਜਨਮ ਤੋਂ ਪਹਿਲਾਂ
ਧੀ ਨੂੰ ਕੁੱਖ ਮਰਵਾਉਣ ਵਾਲ਼ੀਆਂ।
ਇਹ ਸਭ ਗੱਲਾਂ ਭਾਰਤ ਮਾਂ ਦੇ
ਵਿਰਸੇ ਨੂੰ ਢਾਹ ਲਾਉਣ ਵਾਲ਼ੀਆਂ।
ਇਸੇ ਲਈ ਤਾਂ ਕਹਿਣ ਸਿਆਣੇ, ਨਾਰੀ ਪਰਦੇ ਦੀ ਅਧਿਕਾਰੀ।
ਪੜ੍ਹੋ, ਲਿਖੋ ਤੇ ਕਰੋ ਤਰੱਕੀਆਂ, ਹਰ ਖੇਤਰ ਵਿੱਚ ਝੰਡੇ ਗੱਡੋ,
ਪਰ ਭਾਈ ਭੈਣੋ, ਭੈਣਾਂ ਬਣਕੇ ਭਾਰਤ ਮਾਂ ਦਾ ਗਲ ਨਾ ਵੱਢੋ।
ਜਿਥੇ ਜਿਸ ਗੱਲ ਦੀਆਂ ਨੇ ਲੋੜਾਂ,
ਉਥੇ ਉਹ ਗੱਲ ਜਾਏ ਵਿਚਾਰੀ,
ਪੈਸਾ, ਭੋਜਨ ਅਤੇ ਨਾਰੀ ਤਿੰਨੋਂ ਪਰਦੇ ਦੇ ਅਧਿਕਾਰੀ॥

ਰਿਟਾਇਰਮੈਂਟ ਦੇ ਰੰਗ

ਜਿਉਂ-ਜਿਉਂ ਮੇਰੀ ਰਿਟਾਇਰਮੈਂਟ ਦੇ ਆਉਂਦੇ ਗਏ ਦਿਨ ਨੇੜੇ,
ਤਿਉਂ ਤਿਉਂ ਮੇਰੀ ਸੇਵਾ ਦੇ ਵਿੱਚ, ਵੱਧ ਗਏ ਮੱਖਣ ਪੇੜੇ।

ਜਿਹੜੇ ਮੁੰਡੇ ਪਹਿਲਾਂ ਸੱਦਿਆਂ, ਕੋਲ਼ ਨਹੀਂ ਸੀ ਆਉਂਦੇ,
ਹੁਣ ਉਹ ਨਿੱਤ ਸਵੇਰੇ-ਸ਼ਾਮੀਂ ਪੈਰੀਂ ਹੱਥ ਲਗਾਉਂਦੇ।

ਬਿਨਾਂ ਕੰਮ ਤੋਂ ਮੇਰੇ ਬੈੱਡ ਦੇ ਨੇੜੇ ਢੁੱਕ-ਢੁੱਕ ਬਹਿੰਦੇ,
'ਬਾਪੂ ਜੀ ਕੋਈ ਗੱਲ ਸੁਣਾਓ', ਬਿੰਦੇ-ਝੱਟੇ ਕਹਿੰਦੇ।

ਨੂੰਹਾਂ ਮੇਰੀਆਂ, ਨਿੱਤ ਨਵੇਂ ਪਕਵਾਨ ਬਣਾ ਕੇ ਲਿਆਵਣ,
ਜਿਉਂ ਗਊ-ਸ਼ਾਲੇ ਗਾਂਵਾਂ ਨੂੰ ਗੁੜ, ਇਉਂ ਮੈਨੂੰ ਘਿਓ ਪਾਵਣ।

ਪੋਤੇ-ਪੋਤੀਆਂ ਰੋਜ਼ ਰਾਤ ਨੂੰ ਲੱਤਾਂ ਘੁੱਟਣ ਆਉਂਦੇ,
'ਦਾਦਾ ਜੀ ਤੁਸੀਂ ਬੜੇ ਪਿਆਰੇ', ਕਹਿ ਕਹਿ ਮੱਖਣ ਲਾਉਂਦੇ।

ਰਿਟਾਇਰਮੈਂਟ ਨੇ ਆਉਣ ਤੋਂ ਪਹਿਲਾਂ ਆਪਣੇ ਰੰਗ ਵਿਖਾਏ,
ਘਰ ਦਾ ਹਰ ਇੱਕ ਮੈਂਬਰ ਮੈਨੂੰ, ਇੱਜ਼ਤ ਨਾਲ਼ ਬੁਲਾਏ।

ਰਿਟਾਇਰਮੈਂਟ ਦਾ ਭਾਗਾਂ ਭਰਿਆ, ਆਖ਼ਰ ਨੂੰ ਦਿਨ ਆਇਆ,
ਹੋਰਾਂ ਦੇ ਮਨ ਲੱਡੂ ਫੁੱਟਦੇ, ਮੇਰਾ ਮਨ ਘਬਰਾਇਆ।

ਮਹਿਕਮੇ ਵਾਲ਼ਿਆਂ ਢੋਲ ਢੁਮੱਕੇ ਨਾਲ਼ ਘਰੇ ਮੈਨੂੰ ਛੱਡਿਆ,
ਸਾਰਾ ਮਹਿਕਮਾ ਏਦਾਂ ਨੱਚਦਾ, ਮੈਨੂੰ ਮਸਾਂ ਹੋਵੇ ਜਿਉਂ ਕੱਢਿਆ।

ਪੈਸਾ-ਟੁੱਕਰ ਸਾਰਾ ਮਿਲ ਗਿਆ, ਸੁੱਖ ਨਾਲ਼ ਬੋਝੇ ਭਰ ਗਏ,
ਪਰ ਥੋੜ੍ਹੇ-ਥੋੜ੍ਹੇ ਕਰਕੇ ਨੂੰਹਾਂ-ਮੁੰਡੇ ਸਾਰਾ ਚਰ ਗਏ।

ਰਹਿੰਦਾ ਖੂੰਹਦਾ ਕੁੜੀ ਵੀ ਲੈ ਗਈ, ਆਪਣੇ ਰੋਣੇ ਰੋ ਕੇ,
ਯਾਰ ਹੋਰੀਂ ਹੁਣ ਸਭ ਕੁੱਝ ਵੰਡ ਕੇ, ਬਹਿ ਗਏ ਖਾਲੀ ਹੋ ਕੇ ।

ਹੁਣ ਤਾਂ ਬਸ ਪੈਨਸ਼ਨ ਦੇ ਨਾਲ਼ ਹੀ, ਦਵਾ-ਦਾਰੂ ਸਾਡੀ ਚੱਲੇ,
ਹੋਰ ਕਿਹੜਾ ਕੋਈ ਮਾਸੜ ਸਾਡਾ, ਬਾਹਰੋਂ ਡਾਲਰ ਘੱਲੇ?

ਘਰ ਵਿੱਚ ਸਭ ਦੇ ਤੇਵਰ ਬਦਲੇ, ਬਦਲੇ ਖਾਣੇ-ਦਾਣੇ,
ਘਰ ਜਾਂਦੇ ਨੂੰ ਭੱਜ-ਭੱਜ ਪੈਂਦੇ, ਢਾਈ-ਢਾਈ ਫ਼ੁੱਟ ਦੇ ਨਿਆਣੇ।

ਇੱਕ ਦਿਨ ਨੂੰਹ ਨੇ ਬਿਜਲੀ ਦਾ ਬਿੱਲ, ਮੇਰੇ ਹੱਥ ਫੜਾਇਆ,
'ਬਾਪੂ ਜੀ ਬਿੱਲ ਭਰ ਆਇਓ ' ਉਸਨੇ ਹੁਕਮ ਸੁਣਾਇਆ।

ਇਕੱਲੇ ਬਿੱਲ ਨੂੰ ਕਈ ਵਾਰੀ ਮੈਂ ਉਲਟ-ਪੁਲਟ ਕੇ ਤੱਕਿਆ,
ਸ਼ਰਮ ਦਾ ਮਾਰਾ ਪਰ ਨੂੰਹ ਕੋਲੋਂ, ਪੈਸੇ ਨਾ ਮੰਗ ਸਕਿਆ।

ਅੱਧੀ ਪੈਨਸ਼ਨ ਏਸੇ ਕੰਮ ਵਿੱਚ ਲੱਗ ਗਈ ਮੇਰੀ ਭਾਈ,
ਵਾਪਸ ਆਇਆ ਦੁੱਧ ਦੀ ਪਰਚੀ, ਨੂੰਹ ਨੇ ਹੱਥ ਫੜਾਈ,

ਦੋਧੀ ਆਇਆ ਦੁੱਧ ਪਾਉਣ ਜਦ, ਮੈਨੂੰ ਮੂਹਰੇ ਕਰਤਾ,
ਮਨ ਕੈੜਾ ਕਰ, ਉਹਦੇ ਹੱਥ 'ਤੇ ਪੰਦਰਾਂ ਸੌ ਮੈਂ ਧਰਤਾ।

ਗੈਸ ਸਲੰਡਰ ਖਾਲੀ ਹੋ ਗਿਆ, ਤਾਂ ਵੀ ਮੈਂ ਭਰਾਵਾਂ,
ਬੱਚੇ ਛੱਡ ਸਕੂਲੇ ਆਵਾਂ, ਨਾਲ਼ੇ ਲੈਣ ਮੈਂ ਜਾਵਾਂ।

ਚੱਕੀ ਉੱਤੇ ਪੀਹਣ ਰੱਖਣ ਜਾਂ ਧੋਬੀ ਦੇ ਕੋਲ ਜਾਣਾਂ,
ਇਹ ਸਭ ਦਾਦੇ ਦੇ ਹੀ ਕੰਮ ਨੇ, ਜਾਣੇ ਸਿਆਣਾ-ਨਿਆਣਾ।

ਇੱਕ ਦਿਨ ਆਰਡਰ ਸਬਜ਼ੀ ਮੰਡੀ ਜਾਣ ਦਾ ਜਦ ਸੀ ਹੋਇਆ,
ਗੰਢਿਆਂ ਦਾ ਭਾਅ ਸੁਣ ਕੇ ਮੈਂ ਤਾਂ ਸਿਰ ਫੜ ਕੇ ਸੀ ਰੋਇਆ।

ਨਿੱਕਾ ਪੋਤਾ ਕਹੇ ਦਾਦੂ, ਮੇਰੀ ਸਾਈਕਲ ਠੀਕ ਕਰਾਓ,
ਨਾਲ਼ੇ ਹਫਤੇ ਵਿੱਚ ਦੋ ਵਾਰੀ, ਚੀਜ਼ੀ ਮੈਨੂੰ ਖਵਾਓ।

ਨਿੱਕਾ ਜਿਹਾ ਉਹਦਾ ਸਾਈਕਲ ਲੈ ਕੇ, ਮੈਂ ਅੱਡੇ ਵੱਲ ਤੁਰਿਆ,
ਨਾ ਉਹ ਮੇਰੇ ਕੋਲੋਂ ਚੱਲਿਆ, ਨਾ ਉਹ ਮੈਥੋਂ ਰੁੜ੍ਹਿਆ।

ਹਾਰ ਹੰਭ ਕੇ ਸਾਈਕਲ ਨੂੰ ਮੈਂ, ਮੋਢੇ ਉੱਪਰ ਧਰਿਆ,
ਰਿਟਾਇਰ ਹੋ ਕੇ ਮੈਂ ਕੁਲੀਆਂ ਵਾਲ਼ਾ, ਇਹ ਕੰਮ ਅੱਜ ਕਰਿਆ।

ਸਾਡੇ ਘਰ ਦੇ ਬੂਹੇ ਜਦ ਕੋਈ, ਚੰਦਾ ਮੰਗਣ ਆਵੇ,
ਹਰ ਵਾਰੀ ਹੀ ਬਾਪੂ ਜੀ ਹੀ ਆਪਣੀ ਛਿੱਲ ਲਹਾਵੇ।

ਜਦ ਛੁੱਟੀਆਂ ਵਿੱਚ ਸੈਰ-ਸਪਾਟੇ ਟੱਬਰ ਸਾਰਾ ਜਾਵੇ,
ਦਿਨੇ-ਰਾਤ ਫਿਰ ਜਾਗ ਜਾਗ ਕੇ, ਬਾਪੂ ਪਹਿਰਾ ਲਾਵੇ।

ਮੇਰੇ ਨਾਲ਼ੋਂ ਤਾਂ ਮੋਤੀ (ਕੁੱਤਾ) ਸਾਡਾ, ਚੰਗੀ ਜੂਨ ਹੰਢਾਵੇ,
'ਬੰਦਿਆਂ ਤੋਂ ਵੱਧ ਕੰਮ ਇਹ ਆਉਂਦਾ', ਸਭ ਦੇ ਮੂੰਹੋਂ ਕਹਾਵੇ।

ਦੋ ਵੇਲ਼ੇ ਉਹ ਦੁੱਧ ਪੀਵੇ ਤੇ ਸ਼ੈਂਪੂ ਨਾਲ਼ ਨਹਾਵੇ,
ਮਰਜ਼ੀ ਦੇ ਨਾਲ਼ ਨੱਚੇ-ਟੱਪੇ, ਭਾਂਤ-ਸੁਭਾਂਤਾਂ ਖਾਵੇ।

ਨੌਕਰੀ ਵੇਲ਼ੇ ਕੀਤੀਆਂ ਮੌਜਾਂ ਕਰ-ਕਰ ਯਾਦ ਮੈਂ ਰੋਵਾਂ,
ਜੇ ਮੇਰਾ ਵਸ ਚੱਲੇ, ਮੈਂ ਤਾਂ ਮੁੜਕੇ ਭਰਤੀ ਹੋਵਾਂ।

ਸੌਖੀ ਨਹੀਂ ਰਿਟਾਇਰਮੈਂਟ ਦੀ ਮਿੱਤਰੋ ਉਮਰ ਲੰਘਾਉਣੀ,
ਪੋਹ-ਮਾਘ ਦੀਆਂ ਰਾਤਾਂ ਵਿੱਚ ਵੀ, ਆਉਂਦੀ ਰਹਿੰਦੀ ਤਾਉਣੀ।

ਜੇਠ-ਹਾੜ ਵਿੱਚ ਚੜ੍ਹਿਆ ਕਾਂਬਾ, ਰੁੱਕਦਾ ਨਈਂਓਂ ਭਾਈ,
ਥੋੜ੍ਹੀ ਬਹੁਤ ਬਚਾ ਕੇ ਰੱਖਿਓ, ਆਪਣੀ ਨੇਕ ਕਮਾਈ,
ਥੋੜ੍ਹੀ ਬਹੁਤ ਬਚਾ ਕੇ ਰੱਖਿਓ, ਆਪਣੀ ਨੇਕ ਕਮਾਈ॥

ਮੇਰਿਆ ਪੰਜਾਬਾ

ਮੇਰਿਆ ਪੰਜਾਬਾ, ਪੰਜ ਆਬਾਂ ਦਿਆ ਬਾਬਾ,
ਕਿਥੇ ਤੇਰੇ ਜੰਡ ਤੇ ਕਰੀਰ ?
ਅੰਕਲ ਤੇ ਆਂਟੀਆਂ ਨੇ ਤਾਏ-ਚਾਚੇ ਖਾ ਲਏ ਤੇਰੇ,
ਕਿਥੇ ਨੇ ਉਹ ਭੈਣਾਂ ਅਤੇ ਵੀਰ ?
ਮੇਰਿਆ ਪੰਜਾਬਾ .....।

ਕਿਥੇ ਗਏ ਉਹ ਖੂਹ ਤੇਰੇ, ਕਿਥੇ ਭੱਤੇ ਵਾਲ਼ੀਆਂ,
ਕਿਥੇ ਖੇਤੀਂ ਕਾਮਿਆਂ ਦੀ ਹੂਕ ?
ਪੱਟ ਪੱਟ ਰੁੱਖਾਂ ਨੂੰ ਬਣਾਤੀ ਜੀ.ਟੀ.ਰੋਡ ਇਥੇ,
ਸੁਣੇ ਕਿਥੋਂ ਘੁੱਗੀਆਂ ਦੀ ਕੂਕ ?
ਸਿਖਰ ਦੁਪਹਿਰਾਂ ਵਿੱਚ ਭੱਠੀ ਵਾਂਗੂ ਤਪ ਜਾਂਦਾ,
ਸੜਕਾਂ 'ਤੇ ਜਾਂਦਾ ਰਾਹਗੀਰ,
ਮੇਰਿਆ ਪੰਜਾਬਾ .....।

ਚੱਲਦੇ ਸਰੀਰ ਹੁਣ ਨਸ਼ਿਆਂ ਦੇ ਤੇਲ ਨਾਲ਼,
ਚੁੰਘਦਾ ਨਾ ਮੱਝਾਂ ਕੋਈ ਬੂਰੀਆਂ,
ਨੂਡਲ ਤੇ ਪੀਜ਼ਿਆਂ 'ਤੇ ਭੁੱਲ ਗਈਆਂ ਹੀਰਾਂ ਇਥੇ,
ਭੁੱਲ ਗਈਆਂ ਰਾਂਝਿਆਂ ਨੂੰ ਚੂਰੀਆਂ,
ਕੜਿਆਂ ਦੇ ਵਿੱਚ ਦੀ ਜੋ ਫਸ ਫਸ ਲੰਘਦੇ ਸੀ,
ਕਿਥੇ ਗਏ ਉਹ ਗੁੰਦਵੇਂ ਸਰੀਰ ?
ਮੇਰਿਆ ਪੰਜਾਬਾ .....।

ਕਿਥੇ ਤੇਰੇ ਜੰਗਲ਼ ਤੇ ਬੇਲੇ, ਖੁੱਲ੍ਹੇ ਖੇਤ ਟਿੱਬੇ,
ਕਿਥੇ ਤੇਰੇ ਪੰਜ ਦਰਿਆ ?
ਕਿਥੇ ਤੇਰੇ ਬੰਦਿਆਂ 'ਚ ਪਿਆਰ, ਹਮਦਰਦੀ ਤੇ,
ਕਿਥੇ ਲੋਕ-ਸੇਵਾ ਵਾਲ਼ਾ ਚਾਅ ?
ਫਸਲਾਂ ਦੀ ਥਾਂ 'ਤੇ ਨਿੱਤ ਉੱਗਣ ਕਲੋਨੀਆਂ,
ਤੇ ਸੇਵਕਾਂ ਦੀ ਥਾਂ 'ਤੇ ਵਜ਼ੀਰ,
ਮੇਰਿਆ ਪੰਜਾਬਾ .....।

ਕਿਥੇ ਗਏ ਉਹ ਮੰਗਣੇ ਵਿਆਹਾਂ ਦੇ ਇਕੱਠ ਤੇਰੇ,
ਮੰਜੇ 'ਕੱਠੇ ਕਰਨੇ ਦਾ ਚਾਅ,
ਭੱਠੀ ਦੇ ਦੁਆਲ਼ੇ ਬੈਠ ਤੱਤੀਆਂ ਜਲੇਬੀਆਂ ਨੂੰ,
ਕਿਥੇ ਕੋਈ ਸਕਦਾ ਏ ਖਾ ?
ਪੈਲਸਾਂ ਦੀ ਚਕਾਚੌਂਧ ਵਿੱਚ ਹੀ ਗੁਆਚ ਗਿਆ,
ਵਿਰਸਾ ਪੰਜਾਬ ਦਾ ਅਮੀਰ,
ਮੇਰਿਆ ਪੰਜਾਬਾ .....।

ਕਿਥੇ ਤੇਰੇ ਸਿਰ ਵਾਲ਼ੀ ਪੱਗ ਦਾ ਉਹ ਤੁਰਲਾ,
ਤੇ ਕਿਥੇ ਨੇ ਉਹ ਬਾਗ, ਫੁਲਕਾਰੀਆਂ ?
ਕਿਥੇ ਨੋਕ ਵਾਲ਼ੀ ਜੁੱਤੀ, ਘੱਗਰੇ, ਤਵੀਤ, ਕਾਂਠੇ,
ਕਿਥੇ ਧੋਤੀ, ਚਾਦਰੇ ਤੇ ਸਾੜੀਆਂ ?
ਜੀਨਾਂ, ਟੌਪਾਂ, ਟੋਪੀਆਂ 'ਚੋਂ ਛੇਤੀ ਕੀਤੇ ਲੱਭਦਾ ਨਾ,
ਕਿਹੜਾ ਇਥੇ ਰਾਂਝਾ ਕਿਹੜੀ ਹੀਰ,
ਮੇਰਿਆ ਪੰਜਾਬਾ .....।

ਕਿਥੇ ਨੇ ਉਹ ਹਾਸੇ ਤੇਰੇ, ਕਿਥੇ ਉਹ ਤਮਾਸ਼ੇ ਤੇਰੇ,
ਗਲੀ 'ਚ ਗੁਆਂਢਣਾਂ ਦੀ ਭੀੜ ?
ਲੂਣ-ਮਿਆਣੀ, ਦਾਈਆਂ-ਦੂਕੜੇ, ਕਬੱਡੀ,
ਕਿਤੇ ਦਿਸਦੀ ਨੀਂ ਖੇਡਦੀ ਮੁੰਡੀਰ ?
ਬੈਠੇ ਕੰਪਿਊਟਰਾਂ 'ਤੇ ਕੰਨਾਂ ਵਿੱਚ ਫੋਨ ਲਾਈ,
ਭੱਥੇ ਵਿੱਚੋਂ ਮੁੱਕੇ ਜਿਵੇਂ ਤੀਰ,
ਮੇਰਿਆ ਪੰਜਾਬਾ .....।

ਕਿਥੋਂ ਬਲਵਿੰਦਰਾ ਤੂੰ ਭਾਲਦਾਂ ਗੁਆਚੇ ਲਾਲ,
ਸੜਕਾਂ ਦੀ ਲੁੱਕ ਨੂੰ ਫਰੋਲ਼ ਕੇ !
ਖੋਰੇ ਉਨ੍ਹਾਂ ਲੋਕਾਂ ਤਾਈਂ ਆਉਂਦੀ ਏ ਸਮਝ ਜਾਂ ਨਾ,
ਦੱਸਦਾਂ ਜਿਨ੍ਹਾਂ ਨੂੰ ਬੋਲ ਬੋਲ ਕੇ !
ਤੇਰੇ ਇਹ ਪੰਜਾਬ ਦੀ ਤਾਂ ਆ ਗਈ ਹੁਣ ਮਿੱਤਰਾ ਓਏ,
ਡਾਢਿਆਂ ਦੇ ਹੱਥ ਤਕਦੀਰ !
ਮੇਰਿਆ ਪੰਜਾਬਾ, ਪੰਜ ਆਬਾਂ ਦਿਆ ਬਾਬਾ,
ਕਿਥੇ ਤੇਰੇ ਜੰਡ ਤੇ ਕਰੀਰ ?
ਅੰਕਲ ਤੇ ਆਂਟੀਆਂ ਨੇ ਤਾਏ-ਚਾਚੇ ਖਾ ਲਏ ਤੇਰੇ,
ਕਿਥੇ ਨੇ ਉਹ ਭੈਣਾਂ ਅਤੇ ਵੀਰ ?

ਪਿੰਡ ਦੀਆਂ ਮੌਜਾਂ

ਪਿੰਡ ਦੀਆਂ ਮੌਜਾਂ,
ਮੌਜਾਂ ਕਿਦਾਂ ਮੋੜ ਲਿਆਵਾਂ,
ਕਿੱਥੇ ਜਾ ਸੱਥ ਨੂੰ ਫ਼ਤਿਹ ਬੁਲਾਵਾਂ,
ਕਿਹੜੀ ਮਾਂ ਤੋਂ ਚੂਰੀਆਂ ਖਾਵਾਂ,
ਓ ਪਿੰਡ ਦੀਆਂ ਮੌਜਾਂ ....।

ਕਿਥੇ ਬੰਟੇ ਖੇਡਣ ਜਾਵਾਂ, ਕਿਥੇ ਗੁੱਲੀ ਡੰਡਾ,
ਕਿਥੋਂ ਲਿਆਵਾਂ ਸਾਗ ਸਰੋਂ ਦਾ, ਮਿਰਚ ਮੂਲੀ ਤੇ ਗੰਢਾ।
ਪੀਜ਼ੇ ਖਾਵਾਂ, ਡੰਗ ਟਪਾਵਾਂ,
ਤੇਰੇ ਤਾਂ ਭਾਅ ਦਾ ਐਸ਼ ਉਡਾਵਾਂ,
ਓ ਪਿੰਡ ਦੀਆਂ ਮੌਜਾਂ ....।

ਸੋਂ ਕੇ ਮਰਜ਼ੀ ਨਾਲ਼ ਹੀ ਉੱਠਣਾ, ਉੱਠੀਏ ਜਾਂ ਨਾ ਉੱਠੀਏ,
ਮੂਡ 'ਚ ਹੋਈਏ ਰਾਤਾਂ ਨੂੰ ਵੀ, ਖੇਤੀਂ ਕੰਮ 'ਤੇ ਜੁਟੀਏ,
ਟਾਇਮ 'ਤੇ ਆਉਣਾ, ਨਾ ਨਾਗਾ ਪਾਉਣਾ,
ਜ਼ਿੰਦਗੀ ਘੜੀਆਂ ਵਾਂਗ ਘੁਮਾਉਣਾ,
ਓ ਪਿੰਡ ਦੀਆਂ ਮੌਜਾਂ ....।

ਨਾ ਚਾਟੀ ਦੀ ਲੱਸੀ ਮਿਲ਼ਦੀ, ਨਾ ਭੱਠੀ ਦੇ ਦਾਣੇ,
ਨਾ ਮੋਢੇ 'ਤੇ ਹੱਥ ਬਾਪੂ ਦਾ, ਨਾ ਘਨੇੜ੍ਹੇ ਨਿਆਣੇ।
ਬੋਤਲ ਦਾ ਪਾਣੀ, ਮਤਲਬੀ ਹਾਣੀ,
ਪੱਬਾਂ ਵਿਚ ਬਨਾਉਟੀ ਢਾਣੀ,
ਓ ਪਿੰਡ ਦੀਆਂ ਮੌਜਾਂ ....।

ਕੱਚੇ ਕੋਠੇ, ਵਿੱਚ ਮਘੋਰਾ, ਵਿਚੋਂ ਦੀ ਲੰਘ ਜਾਣਾ,
ਲੁਕਣ-ਮੀਟੀ ਦੀ ਖੇਡ ਖੇਡਦਿਆਂ, ਹੱਥ ਨਾ ਛੇਤੀ ਆਉਣਾ।
ਇਹ ਮਹਿਲ ਮੁਨਾਰੇ, ਪਰਬਤੋਂ ਭਾਰੇ,
ਚੁੱਕੇ ਲੋਨ ਨਾ ਜਾਣ ਉਤਾਰੇ,
ਓ ਪਿੰਡ ਦੀਆਂ ਮੌਜਾਂ ....।

ਘਰ ਦੀ ਕੱਢੀ, ਦੋ ਪੈੱਗ ਲਾ ਕੇ, ਵਿਆਹ ਵਿਚ ਭੜਥੂ ਪਾਉਣਾ,
ਜਾਂ ਕੋਠੇ ਚੜ੍ਹ ਮਾਰ ਕੇ ਚੀਕਾਂ, ਸੁੱਤਿਆਂ ਤਾਂਈ ਜਗਾਉਣਾ।
ਇਥੇ 'ਬਲਵਿੰਦਰਾ', ਡਰਾਉਂਦਾ ਪਿੰਜਰਾ,
ਬੁੱਲ੍ਹਾਂ 'ਤੇ ਜਿੰਦਰਾ,
ਓ ਪਿੰਡ ਦੀਆਂ ਮੌਜਾਂ ....।

ਸਾਡਾ ਪਿੰਡ

ਉੱਚੇ ਲੰਮੇ ਮਾਲ ਤੇ ਥਾਂ ਥਾਂ ਘੁੰਮਣ ਗੱਡੀਆਂ ਕਾਰਾਂ,
ਸੂਟ ਤੇ ਚੁੰਨੀ ਕਿਤੇ ਨਾ ਦਿਸਦੇ, ਜੀਨਾਂ ਵਿੱਚ ਮੁਟਿਆਰਾਂ।
ਰਿਕਸ਼ੇ ਵਾਲੇ ਨੂੰ ਮੈਂ ਆਪਣੇ ਦਿਲ ਦੀ ਕਿਵੇਂ ਸੁਣਾਵਾਂ,
ਉਹ ਨਾ ਮੇਰੀ ਸਮਝੇ, ਉਹਦੀ ਮੈਂ ਵੀ ਸਮਝ ਨਾ ਪਾਵਾਂ।
ਉਹਨੂੰ ਕਿੰਝ ਸਮਝਾਵਾਂ ਇਹ ਇੰਡੀਆ ਪਹਿਲਾਂ ਹਿੰਦ ਹੁੰਦਾ ਸੀ,
ਇਥੇ ਕਿਤੇ ਹੀ ਸਾਡਾ ਵੀ ਕਦੇ ਪਿੰਡ ਹੁੰਦਾ ਸੀ।

ਓਧਰ ਸਾਡਾ ਖੂਹ ਹੁੰਦਾ ਸੀ ਤੂਤਾਂ ਵਾਲ਼ਾ,
ਪਰਲੇ ਪਾਸਿਓਂ ਲੰਘਦਾ ਸੀ ਬਰਸਾਤੀ ਨਾਲ਼ਾ,
ਥਾਂ-ਥਾਂ ਟਾਹਲੀਆਂ, ਪਿੱਪਲ਼ ਅਤੇ ਬਰੋਟੇ ਹੁੰਦੇ,
ਟੋਭੇ ਵੱਲ ਹਵੇਲੀ, ਐਧਰ ਕੋਠੇ ਹੁੰਦੇ।
ਦੂਰ ਪਰਾਂ ਰੋਹੀ ਵਿੱਚ ਉੱਗਿਆ ਰਿੰਡ ਹੁੰਦਾ ਸੀ,
ਇਥੇ ਕਿਤੇ ਹੀ ਸਾਡਾ ਵੀ ਕਦੇ ਪਿੰਡ ਹੁੰਦਾ ਸੀ।

ਵੱਡਾ ਸੀ ਪਰਿਵਾਰ ਤੇ ਕਈ ਕਈ ਚਾਚੇ ਤਾਏ,
ਭੈਣ-ਭਰਾਵਾਂ ਵਾਂਗ ਰਹਿੰਦੇ ਸੀ, ਪਿੰਡ ਦੇ ਜਾਏ,
ਬਾਪੂ ਸਾਡਾ ਪਿੰਡ ਦਾ ਲੰਬੜਦਾਰ ਹੁੰਦਾ ਸੀ,
ਪੰਜ-ਮੰਜ਼ਿਲੇ ਕਿਲ਼ੇ 'ਚ ਰਹਿੰਦਾ ਇਕ ਸਰਦਾਰ ਹੁੰਦਾ ਸੀ।
ਹੁਣ ਤਾਂ ਸ਼ਹਿਰੀਂ ਹਰ ਕੋਈ ਹੀ ਸਰਦਾਰ ਕਹਾਵੇ,
ਭੈਣਾਂ-ਵੀਰੇ ਕਿੱਥੇ ਹਰ ਕੋਈ ਯਾਰ ਸਦਾਵੇ,
ਬਾਬਾ ਚੌਕੀਦਾਰ ਹਜ਼ੂਰੀ ਬੜਾ ਭਰਿੰਡ ਹੁੰਦਾ ਸੀ,
ਇਥੇ ਕਿਤੇ ਹੀ ਸਾਡਾ ਵੀ ਕਦੇ ਪਿੰਡ ਹੁੰਦਾ ਸੀ।

ਦੂਜੇ-ਚੌਥੇ ਦਿਨ ਹੀ ਭੱਠੀ ਉੱਤੇ ਜਾਣਾ,
ਰਾਮਲੀਲ੍ਹਾ ਪੰਡਾਲ 'ਚ ਬਹਿ ਕੇ ਛੱਲੀਆਂ ਖਾਣਾ,
ਗੰਡ 'ਚੋਂ ਲਾਲ਼ਾ ਗੁੜ ਤੇ ਖੇਤੋਂ ਗੰਨੇ-ਗੱਠੀਆਂ,
ਲੋਹੜੀ ਮੰਗਣ ਜਾਂਦੀਆਂ ਭੈਣਾਂ ਹੋ ਕੇ ਕੱਠੀਆਂ।
ਅੰਦਰਲੇ ਦਰਵਾਜ਼ੇ ਜਦ ਸੀ ਬਾਜ਼ੀ ਪੈਂਦੀ,
ਬੱਲੇ ਓਏ ਭਲਵਾਨੋਂ ਬਚਨੀ ਤਾਈ ਕਹਿੰਦੀ,
ਸੇਠ ਬਿਹਾਰੀ ਦਾ ਸਿਰ ਗੰਜਾ ਟਿੰਡ ਹੁੰਦਾ ਸੀ,
ਇਥੇ ਕਿਤੇ ਹੀ ਸਾਡਾ ਵੀ ਕਦੇ ਪਿੰਡ ਹੁੰਦਾ ਸੀ।

ਪਿੰਡੋਂ ਬਾਹਰ ਸੀ ਲੱਗਦਾ ਗੁੱਗਾ ਮਾੜੀ ਮੇਲਾ,
ਹਰ ਕੋਈ ਮੱਥਾ ਟੇਕਦਾ ਪਾ ਚਰਾਗੀ ਧੇਲਾ,
ਬਲਦ ਵਹਿੜਕੇ ਦੀ ਵੀ ਚੌਂਕੀ ਲੋਕ ਭਰਾਉਂਦੇ,
ਭਗਤ ਗੁੱਗੇ ਦੇ ਰਾਤੋਂ ਲੰਮੀ ਕਥਾ ਸੁਣਾਉਂਦੇ।
ਵੱਡੇ ਖਿਡੌਣੇ ਲਈ ਮੈਂ ਕਰਦਾ ਜ਼ਿੱਦ ਹੁੰਦਾ ਸੀ,
ਇਥੇ ਕਿਤੇ ਹੀ ਸਾਡਾ ਵੀ ਕਦੇ ਪਿੰਡ ਹੁੰਦਾ ਸੀ।

ਖੂਹ ਦੀ ਗਾਧੀ ਉੱਤੇ ਬਹਿ ਕੇ ਝੂਟੇ ਲੈਣੇ,
ਮੀਂਹ ਦੇ ਵਿਚ ਨਹਾਵਣ ਦੇ ਵੀ ਕੀ ਸੀ ਕਹਿਣੇ,
ਲੱਗੇ ਝੜੀ ਤਾਂ ਖਾਣ ਨੂੰ ਮਿਲ਼ਦੇ ਗਰਮ ਪਕੌੜੇ,
ਪੈਂਦੀਆਂ ਜੁੱਤੀਆਂ ਜਦੋਂ ਸਕੂਲੋਂ ਹੁੰਦੇ ਦੌੜੇ,
ਮਾਸਟਰ ਜੀ ਦਾ ਗੁੱਸਾ ਬਿੰਦ ਦੀ ਬਿੰਦ ਹੁੰਦਾ ਸੀ,
ਇਥੇ ਕਿਤੇ ਹੀ ਸਾਡਾ ਵੀ ਕਦੇ ਪਿੰਡ ਹੁੰਦਾ ਸੀ।

ਸੁੱਖ ਮਨਾਈਏ ਓਸ ਧਰਤ ਦੀ, ਜਿਸ ਦਾ ਦਿੱਤਾ ਖਾਈਏ,
ਪਰ ਨਾ ਆਪਣੀ ਜਨਮ-ਭੂਮੀ ਨੂੰ ਮਨ 'ਚੋਂ ਕਦੇ ਭੁਲਾਈਏ,
ਕੀ ਧਰਮਾਂ ਦੇ ਝੇੜੇ ਯਾਰੋ , ਕੀ ਖਿੱਤਿਆਂ ਦੀਆਂ ਗੱਲਾਂ,
ਰਾਵੀ ਅਤੇ ਝਨਾਬ 'ਚੋਂ ਉਠਦੀਆਂ ਅੱਜ ਵੀ ਉਹੀਓ ਛੱਲਾਂ।
ਕਿਤੇ ਦਿਸਦਾ ਨਈਂ ਬਲਵਿੰਦਰ ਜੋ ਸਾਡੀ ਜਿੰਦ ਹੁੰਦਾ ਸੀ,
ਇਥੇ ਕਿਤੇ ਹੀ ਸਾਡਾ ਵੀ ਕਦੇ ਪਿੰਡ ਹੁੰਦਾ ਸੀ।

ਸਾਨੂੰ ਵੀ ਲੈ ਚੱਲ ਨਾਲ਼

ਛੱਡ ਕੇ ਨਾ ਜਾਵੀਂ ਮੈਨੂੰ 'ਕੱਲੀ ਨੂੰ ਢੋਲਾ ਵੇ, ਕੱਲੀ ਨੂੰ ਢੋਲਾ,
ਤੇਰੇ ਬਿਨ ਜੀਣਾ ਹੈ ਮੁਹਾਲ।
ਵੇ ਪ੍ਰਦੇਸੀ ਢੋਲਾ, ਸਾਨੂੰ ਵੀ ਲੈ ਚੱਲ ਨਾਲ਼।

ਪੀੜਾਂ ਦੀ ਪੂਣੀ, ਤੰਦ ਬਿਰਹਾ ਦੇ ਪਾਵਾਂ,
ਵੇ ਬਿਰਹਾ ਦੇ ਪਾਵਾਂ,
ਟੁੱਟਦੀ ਨਾ ਗਮਾਂ ਵਾਲ਼ੀ ਮਾਲ੍ਹ।
ਵੇ ਪ੍ਰਦੇਸੀ ਢੋਲਾ .....

ਰਾਤਾਂ ਦੇ ਤਾਰੇ ਮੈਂ ਗਿਣ-ਗਿਣ ਹਾਰੀ, ਵੇ ਗਿਣ ਗਿਣ ਹਾਰੀ,
ਰੋ ਰੋ ਕੇ ਲਏ ਨੇ ਦੀਦੇ ਗਾਲ਼।
ਵੇ ਪ੍ਰਦੇਸੀ ਢੋਲਾ .....

ਸਾਡੇ ਤਾਂ ਲੇਖਾਂ ਵਿੱਚ ਮਰ ਮਰ ਕੇ ਜੀਣਾ,ਵੇ ਮਰ ਮਰ ਕੇ ਜੀਣਾ,
ਕਾਹਦੇ ਨੇ ਚੰਗੇ ਸਾਡੇ ਹਾਲ।
ਵੇ ਪ੍ਰਦੇਸੀ ਢੋਲਾ .....

ਘੁੱਗੀਆਂ ਦਾ ਜੋੜਾ ਜਦੋਂ ਕਰਦਾ ਕਲੋਲਾਂ, ਵੇ ਕਰਦਾ ਕਲੋਲਾਂ,
ਸੀਨੇ ਵਿੱਚ ਉੱਠਦੇ ਨੇ ਉਬਾਲ,
ਵੇ ਪ੍ਰਦੇਸੀ ਢੋਲਾ .....
ਸਖੀਆਂ ਸਹੇਲੀਆਂ ਨੇ ਮਹਿੰਦੀ ਰਚਾਈ, ਵੇ ਮਹਿੰਦੀ ਰਚਾਈ,
ਸਾਨੂੰ ਤਾਂ ਭੁੱਲੇ ਵਾਹੁਣੇ ਵਾਲ਼।
ਵੇ ਪ੍ਰਦੇਸੀ ਢੋਲਾ .....

ਕੰਨਾਂ ਦੇ ਬੁੰਦੇ ਕੰਨ ਭਰਦੇ ਨੇ ਮੇਰੇ, ਵੇ ਭਰਦੇ ਨੇ ਮੇਰੇ,
ਚੂੜਾ ਵੀ ਹੁੰਦਾ ਨਾ ਸੰਭਾਲ਼।
ਵੇ ਪ੍ਰਦੇਸੀ ਢੋਲਾ .....

ਸ਼ਗਨਾਂ ਦੀ ਡੋਰੀ ਮੈਂ ਕਿੱਲੀ 'ਤੇ ਟੰਗੀ, ਵੇ ਕਿੱਲੀ 'ਤੇ ਟੰਗੀ,
ਤੱਕਾਂ ਜਦ ਲੱਗਦੈ ਦਿੰਦੀ ਗਾਲ਼।
ਵੇ ਪ੍ਰਦੇਸੀ ਢੋਲਾ .....

ਪੈਰੀਂ ਪੰਜੇਬਾਂ ਕਿਹੜੇ ਚਾਵਾਂ ਨਾਲ਼ ਪਾਵਾਂ, ਵੇ ਚਾਵਾਂ ਨਾਲ਼ ਪਾਵਾਂ,
ਭਾਉਂਦੀ ਨਾ ਮਨ ਨੂੰ ਕੋਈ ਛਣਕਾਰ,
ਵੇ ਪ੍ਰਦੇਸੀ ਢੋਲਾ .....

ਪੋਹ ਦੇ ਮਹੀਨੇ ਤਨ ਤਪਦਾ ਤੰਦੂਰ ਜਿਉਂ, ਤਪਦਾ ਤੰਦੂਰ,
ਹੱਡਾਂ ਦੀ ਰੱਖੀ ਭੱਠੀ ਬਾਲ਼।
ਵੇ ਪ੍ਰਦੇਸੀ ਢੋਲਾ .....

ਜਾਣਾ ਬਲਵਿੰਦਰਾ ਤੇਰੇ ਨਾਲ਼ ਹੀ ਜਾਣਾ ਮੈਂ, ਨਾਲ਼ ਹੀ ਜਾਣਾ,
ਕਰਕੇ ਬਹਾਨੇ ਨਾ ਤੂੰ ਟਾਲ਼।
ਵੇ ਪ੍ਰਦੇਸੀ ਢੋਲਾ .....

ਮੁੜਿਆ ਮਾਹੀਆ ਵਤਨ ਨੂੰ

ਮੁੜਿਆ ਮਾਹੀਆ ਵਤਨ ਨੂੰ,
ਜਾਂ ਸਾਨੂੰ ਵੀ ਲੈ ਚੱਲ ਨਾਲ਼ ਨਾਲ ਵੇ,
ਉਂਝ ਘਰ ਦੇ ਵਿੱਚ ਕੋਈ ਤੋਟ ਨਈਂ,
ਬਿਨ ਤੇਰੇ ਲੱਗਦੈ ਕਾਲ਼ ਵੇ।
ਮੁੜਿਆ ਮਾਹੀਆ ਵਤਨ ਨੂੰ ...

ਸਾਡੇ ਕਿਸ ਕੰਮ ਤੇਰੀਆਂ ਕੋਠੀਆਂ, ਸਾਨੂੰ ਕਾਰਾਂ ਦਾ ਕੀ ਲੇਸ ਵੇ,
ਕੀ ਜੀਣਾ ਐਸੀ ਨਾਰ ਦਾ, ਜੀਹਦਾ ਕੰਤ ਵਸੇ ਪਰਦੇਸ ਵੇ।
ਭੌਰੇ ਫੁੱਲ, ਪਪੀਹੇ ਜਿਉਂ ਬੂੰਦ ਨੂੰ, ਸਾਨੂੰ ਉਂਝ ਹੀ ਤੇਰੀ ਭਾਲ਼ ਵੇ,
ਮੁੜਿਆ ਮਾਹੀਆ ਵਤਨ ਨੂੰ ...

ਕੰਨਾਂ ਦੇ ਵਾਲ਼ੇ ਪੁੱਛਦੇ, ਦੱਸ ਕਿਥੇ ਗਿਆ ਤੇਰਾ ਕੰਤ ਨੀਂ,
ਕੀ ਉਹ ਭੱਜਿਆ ਹੋਇਐ ਪੁਲਸ ਤੋਂ,
ਜਾਂ ਕੀ ਉਹ ਬਣ ਗਿਐ ਸੰਤ ਨੀਂ।
ਲੱਖ ਝੂਠੀ ਝੂਠਾਂ ਬੋਲ ਕੇ, ਹਰ ਵਾਰੀ ਦੇਵਾਂ ਟਾਲ਼ ਵੇ,
ਮੁੜਿਆ ਮਾਹੀਆ ਵਤਨ ਨੂੰ ...

ਪੈਰਾਂ ਵਿੱਚ ਝਾਂਜਰਾਂ ਖ਼ੂਬ ਨੇ, ਛਣਕਾਵਾਂ ਕਿਹੜੇ ਚਾਅ ਵੇ,
ਹਾਸੇ ਦੇ ਘਰ ਨੂੰ ਜਾਂਦੀਆਂ, ਮੈਨੂੰ ਭੁੱਲੀਆਂ ਡੰਡੀਆਂ ਰਾਹ ਵੇ।
ਫੁੱਲ ਕਦ ਤੱਕ ਮਹਿਕਾਂ ਦੇਣਗੇ,
ਜਿਹੜੇ ਟੁੱਟ ਗਏ ਨਾਲੋਂ ਡਾਲ ਵੇ,
ਮੁੜਿਆ ਮਾਹੀਆ ਵਤਨ ਨੂੰ ...

ਮੈਥੋਂ ਚੁੱਕਿਆ ਨਈਂ ਇਹ ਜਾਂਵਦਾਂ,
ਹੋਇਆ ਜਿਸਮ ਮੇਰਾ ਨਿਰਜਿੰਦ ਵੇ,
ਸਹੁੰ ਰੱਬ ਦੀ ਤੇਰੇ ਤੋਂ ਬਿਨਾਂ, ਮੇਰਾ ਲੰਘਦਾ ਨਈਂਓਂ ਬਿੰਦ ਵੇ।
ਬਲਵਿੰਦਰਾ ਮੇਰੇ ਮਹਿਰਮਾਂ,
ਆਜਾ ਕੱਟ ਕੇ ਮਾਇਆ ਦਾ ਜਾਲ਼ ਵੇ,
ਮੁੜਿਆ ਮਾਹੀਆ ਵਤਨ ਨੂੰ ...

ਧੀ ਹੋ ਗਈ ਘਰ ਵਿਆਹੁਣ ਵਾਲ਼ੀ

ਤੇਰਿਆਂ ਵਿਛੋੜਿਆਂ ਨੇ ਕੱਢੀ ਸਾਡੀ ਜਿੰਦ ਵੇ,
ਤੇਰੇ ਬਾਝੋਂ ਇਥੇ ਸਾਡਾ ਲੰਘਦਾ ਨਾ ਬਿੰਦ ਵੇ।
ਮਾਰਕੇ ਉਡਾਰੀ ਆ ਜਾ ਆਪਣੇ ਹੀ ਵਤਨੀ ਤੂੰ,
ਭੁੱਲ ਕੇ ਗੱਲ ਕਮਾਉਣ ਵਾਲ਼ੀ,
ਮੇਰਾ ਤਾਂ ਵੇਲਾ ਲੰਘ ਗਿਆ,
ਧੀ ਹੋ ਗਈ ਘਰ ਵਿਆਹੁਣ ਵਾਲ਼ੀ।

ਤੂੰ ਕੀ ਜਾਣੇ ਕਿਵੇਂ ਮੈਂ ਗੁਜ਼ਾਰਾਂ ਪਲ ਪਲ ਵੇ,
ਲੋਕਾਂ ਦੀਆਂ ਅੱਖਾਂ ਚੱਤੋ-ਪਹਿਰ ਸਾਡੇ ਵੱਲ ਵੇ।
ਲੰਘ ਗਿਆ ਵੇਲਾ ਮੁੜ ਹੱਥ ਨਈਓਂ ਆਉਂਦਾ,
ਗੱਲ ਸੱਚ ਏ, ਨਾ ਠੁਕਰਾਉਣ ਵਾਲ਼ੀ,
ਮੇਰਾ ਤਾਂ ਵੇਲ਼ਾ ਲੰਘ ਗਿਆ ...

ਟੀ.ਵੀ ਉੱਤੇ ਵੇਖਦੀ ਆਂ ਨਿੱਤ ਮਾੜੇ ਸੀਨ ਵੇ,
ਗੱਲਾਂ ਅਖ਼ਬਾਰਾਂ ਦੀਆਂ ਦਿੰਦੀਆਂ ਨਾ ਜੀਣ ਵੇ।
ਆਖਦੇ ਨੇ ਬੱਚੇ, ਮੰਮੀ ਬਾਲਗ ਹਾਂ ਅਸੀਂ,
ਜੇ ਮੈਂ ਕਰਦੀ ਹਾਂ ਗੱਲ ਸਮਝਾਉਣ ਵਾਲ਼ੀ,
ਮੇਰਾ ਤਾਂ ਵੇਲਾ ਲੰਘ ਗਿਆ...

ਨਿੱਤ ਨਵੇਂ ਫ਼ੈਸ਼ਨਾਂ ਨੇ ਦਿੱਤੀ ਮੱਤ ਮਾਰ ਵੇ,
ਦੋ-ਦੋ ਘੰਟੇ ਲਾ ਕੇ ਬੱਚੇ ਹੁੰਦੇ ਨੇ ਤਿਆਰ ਵੇ।
ਟੀ.ਵੀ. ਉੱਤੇ ਸਿੱਖਦੇ ਨੇ ਸਭ ਕੁੱਝ ਆਪ,
ਹੁਣ ਗੱਲ ਨਾ ਕੋਈ ਛੁਪਾਉਣ ਵਾਲ਼ੀ,
ਮੇਰਾ ਤਾਂ ਵੇਲਾ ਲੰਘ ਗਿਆ...

ਆਪਣੇ ਹੀ ਕਰਦੇ ਨੇ, ਗ਼ੈਰਾਂ ਜਿਹਾ ਰੋਲ ਵੇ,
ਨਿੱਤ ਸਾਨੂੰ ਪੁੱਠੇ ਸਿੱਧੇ ਬੋਲਦੇ ਨੇ ਬੋਲ ਵੇ।
ਮੰਨ ਬਲਵਿੰਦਰਾ ਤੂੰ ਸਾਡੀ ਅਰਜੋਈ,
ਗੱਲ ਕਰੀਂ ਨਾ ਹੋਰ ਸਤਾਉਣ ਵਾਲ਼ੀ,
ਮੇਰਾ ਤਾਂ ਵੇਲਾ ਲੰਘ ਗਿਆ,
ਧੀ ਹੋ ਗਈ ਘਰ ਵਿਆਹੁਣ ਵਾਲ਼ੀ।

ਦਿਲ ਨਾ ਛੱਡੀਂ ਮੁੜ ਆਉਣੈ ਤੇਰੇ ਕੰਤ ਸੋਹਣੀਏ ਨੀਂ

ਪੱਤਝੜ ਮਗਰੋਂ ਆਉਂਦੀ ਜਿਵੇਂ ਬਸੰਤ ਸੋਹਣੀਏ ਨੀਂ,
ਦਿਲ ਨਾ ਛੱਡੀਂ ਮੁੜ ਆਉਣੈ ਤੇਰੇ ਕੰਤ ਸੋਹਣੀਏ ਨੀ।

ਲਾਹ ਦੇਣਾ ਏ ਬੈਂਕ ਦਾ ਕਰਜ਼ਾ, ਸਿਰ ਜੋ ਚੜ੍ਹਿਆ ਏ,
ਮੋੜ ਦੇਣਾ ਜੋ ਮਾਮੇ-ਭੂਆ ਕੋਲੋਂ ਫੜਿਆ ਏ।
ਰਾਤ ਹਨੇਰੀ ਦਾ ਹੋ ਜਾਣਾ ਅੰਤ ਸੋਹਣੀਏ ਨੀਂ,
ਦਿਲ ਨਾ ਛੱਡੀਂ ਮੁੜ ਆਉਣੈ ਤੇਰੇ ਕੰਤ ਸੋਹਣੀਏ ਨੀਂ।

ਸਾਡਾ ਕਿਹੜਾ ਦਿਲ ਖੁਸ਼ ਏ ਇਥੇ ਦੇਸ਼ ਬੇਗਾਨੇ ਨੀ,
ਥਾਂ-ਥਾਂ 'ਤੇ ਹਰ ਪਾਸੇ ਲੋਕੀਂ ਮਾਰਨ ਤਾਹਨੇ ਨੀ।
ਇੱਕ ਨਹੀਂ ਸਾਨੂੰ ਤਾਂ ਦੁੱਖ ਅਨੰਤ ਸੋਹਣੀਏ ਨੀਂ,
ਦਿਲ ਨਾ ਛੱਡੀਂ ਮੁੜ ਆਉਣੈ ਤੇਰੇ ਕੰਤ ਸੋਹਣੀਏ ਨੀਂ।

ਬਦਲ ਦੇਣੇ ਗ਼ਮ ਹਾਸਿਆਂ ਦੇ ਵਿੱਚ ਇੱਕ ਦਿਨ ਤੇਰੇ ਨੀਂ,
ਕਰੂੰ ਤੇਰੇ ਅਰਮਾਨ ਪੂਰੇ, ਸਭ ਚੇਤੇ ਮੇਰੇ ਨੀਂ।
ਮਨ ਦੇ ਬਾਗ਼ ਨੇ ਮਹਿਕਣਾ ਵਿੱਚ ਬਸੰਤ ਸੋਹਣੀਏ ਨੀਂ,
ਦਿਲ ਨਾ ਛੱਡੀਂ ਮੁੜ ਆਉਣੈ ਤੇਰੇ ਕੰਤ ਸੋਹਣੀਏ ਨੀਂ

ਬਾਬਲ ਵਾਲਾ ਪਿਆਰ ਵੀ ਦੇਵੀਂ ਨਿੱਕੜੇ ਬਾਲਾਂ ਨੂੰ,
ਬਲਵਿੰਦਰ ਨੂੰ ਭੁੱਲ ਨਾ ਜਾਵਣ ਆਖੀਂ ਲਾਲਾਂ ਨੂੰ।
ਬੋਲ ਤੋਤਲੇ ਯਾਦ ਆਉਂਦੇ ਬੇਅੰਤ ਸੋਹਣੀਏ ਨੀਂ,
ਦਿਲ ਨਾ ਛੱਡੀਂ ਮੁੜ ਆਉਣੈ ਤੇਰੇ ਕੰਤ ਸੋਹਣੀਏ ਨੀਂ।

ਸਾਨੂੰ ਕਿਹੜਾ ਖੁਸ਼ੀਆਂ ਨੇ ਮਿੱਟੀ ਛੱਡ ਵਤਨਾਂ ਦੀ

ਸਾਨੂੰ ਕਿਹੜਾ ਖੁਸ਼ੀਆਂ ਨੇ ਮਿੱਟੀ ਛੱਡ ਵਤਨਾਂ ਦੀ,
ਕੀਤੇ ਹਾਂ ਹਾਲਾਤਾਂ ਮਜਬੂਰ।
ਖੁੱਸ ਗਿਆ ਲਾਡ ਸਾਥੋਂ ਮਾਂ ਅਤੇ ਮਾਸੀਆਂ ਦਾ,
ਖੁੱਸ ਗਈ ਏ ਬਾਪੂ ਵਾਲ਼ੀ ਘੂਰ।
ਨੀ ਜਿੰਦੇ ਖੁੱਸ ਗਈ ਏ ਬਾਪੂ ਵਾਲ਼ੀ ਘੂਰ।

ਆਖਿਆ ਸੀ ਬੁੱਢੀ ਮਾਂ ਨੂੰ ਨਿਗਾਹ ਬਣਵਾਊਂ ਤੇਰੀ,
ਇੱਕ ਸਾਲ ਲਾ ਕੇ ਮੁੜ ਆਉਣ ਦੇ।
ਤੈਨੂੰ ਵੀ ਜ਼ਮੀਨ ਬਾਪੂ ਲੈਦੂੰ ਜਿੰਨੀ ਦਿਲ ਚਾਹੇ,
ਪਰ ਹੁਣ ਕਿੱਲਾ ਗਹਿਣੇ ਪਾਉਣ ਦੇ।
ਸੁੱਕ ਗਿਆ ਬੁੱਢੀ ਮਾਂ ਦੀ ਅੱਖੀਆਂ 'ਚੋਂ ਪਾਣੀ ਰੋ-ਰੋ,
ਸੁਪਨੇ ਬਾਪੂ ਦੇ ਹੋ ਗਏ ਚੂਰ।
ਨੀ ਜਿੰਦੇ ਖੁੱਸ ਗਈ ਏ ਬਾਪੂ ਵਾਲ਼ੀ ਘੂਰ।

ਰੱਖੜੀ, ਦਿਵਾਲ਼ੀ, ਲੋਹੜੀ ਹਰ ਸਾਲ ਆਉਂਦੀ ਭਾਵੇਂ,
ਸਾਡੇ ਅਰਮਾਨ ਦੱਬੇ ਰਹਿਣ।
ਗ਼ੈਰਾਂ ਦਿਆਂ ਜਸ਼ਨਾਂ ਨੂੰ ਵੇਖ ਵੇਖ ਦਿਲ ਸਾਡੇ,
ਹੋਰ ਵੀ ਨਿਮਾਣੇ ਹੋ ਹੋ ਢਹਿਣ।
ਮਿਲ਼ ਰਲ਼ ਬੈਠਣ ਤ੍ਰਿਝੰਣੀ ਨਾ ਸਖੀਆਂ ਤੇ,
ਬੇੜੀਆਂ ਦੇ ਬੈਠਣ ਨਾ ਪੂਰ।
ਨੀ ਜਿੰਦੇ ਖੁੱਸ ਗਈ ਏ ਬਾਪੂ ਵਾਲ਼ੀ ਘੂਰ।

ਕਾਹਦਾ ਸਾਡਾ ਜੀਣਾ ਅਤੇ ਕਾਹਦੀਆਂ ਕਮਾਈਆਂ ਯਾਰੋ,
ਮੋਢਿਆਂ 'ਤੇ ਫਿਕਰਾਂ ਦੇ ਭਾਰ।
ਮਾਂ ਨੂੰ ਗ਼ਮ ਇੱਕ ਬੱਸ ਪੁੱਤ ਪ੍ਰਦੇਸੀ ਹੋਇਆ,
ਸਾਡੇ ਪੱਲੇ ਗ਼ਮ ਨੇ ਹਜ਼ਾਰ।
ਧੋਬੀਆਂ ਦੇ ਕੁੱਤੇ ਵਾਂਗੂ ਘਰ ਦੇ ਨਾ ਘਾਟ ਦੇ ਹਾਂ,
ਟੁੱਟੇ ਖੁਦਾਰੀ ਦੇ ਗ਼ਰੂਰ।
ਨੀ ਜਿੰਦੇ ਖੁੱਸ ਗਈ ਏ ਬਾਪੂ ਵਾਲ਼ੀ ਘੂਰ।

ਓਪਰੀਆਂ ਰੂਹਾਂ ਵਿੱਚੋਂ, ਓਪਰੀਆਂ ਜੂਹਾਂ ਵਿੱਚੋਂ,
ਲੱਭਦੇ ਹਾਂ ਅਸੀਂ ਨਿੱਘਾ ਪਿਆਰ।
ਪੈਸੇ ਨਾਲ਼ ਮੁਹੱਬਤਾਂ ਤੇ ਪੈਸਿਆਂ ਦੀ ਸਾਂਝ ਇੱਥੇ,
ਬਣਦਾ ਨਾ ਦਿਲਾਂ ਦਾ ਕੋਈ ਯਾਰ।
ਸੁਰਮੇ ਦੇ ਵਾਂਗੂੰ, ਸੰਗ ਹੰਝੂਆਂ ਦੇ ਵਹਿ ਜਾਂਦਾ,
ਸਾਡੇ ਅਰਮਾਨਾਂ ਦਾ ਸਰੂਰ।
ਨੀ ਜਿੰਦੇ ਖੁੱਸ ਗਈ ਏ ਬਾਪੂ ਵਾਲ਼ੀ ਘੂਰ।

ਆਪਣੇ ਹੀ ਵਤਨੀ ਜੇ ਮਿਲ਼ੇ ਰੁਜ਼ਗਾਰ ਸਾਨੂੰ,
ਬਣ ਪ੍ਰਵਾਸੀ ਕਾਹਨੂੰ ਘੁੰਮੀਏ।
ਸਾਡੇ ਵੀ ਘਨੇੜ੍ਹੇ ਨਿੱਕੇ-ਨਿੱਕੇ ਬਾਲ ਲੈਣ ਝੂਟੇ,
ਅਸੀਂ ਵੀ ਕਿਸੇ ਦਾ ਹੱਥ ਚੁੰਮੀਏ।
ਰਾਮਗੜ੍ਹ ਵਾਲ਼ੇ ਬਲਵਿੰਦਰ ਨੂੰ ਆਖੋ,
ਕੁਝ ਸਾਡੇ ਲਈ ਵੀ ਲਿਖਣਾ ਜ਼ਰੂਰ।
ਨੀ ਜਿੰਦੇ ਖੁੱਸ ਗਈ ਏ ਬਾਪੂ ਵਾਲ਼ੀ ਘੂਰ।

ਪਰਵਾਸੀ

ਵਿੱਚ ਪਹੁੰਚ ਬੇਗਾਨੇ ਦੇਸ਼,
ਬਣਾ ਕੇ ਓਪਰਿਆਂ ਜਿਹਾ ਭੇਸ,
ਪਹਨਿਆ ਕੋਟ ਤੇ ਲਹਿ ਗਿਆ ਖੇਸ,
ਓ.ਕੇ., ਬਾਏ ਕਹਿੰਦੇ ਹਾਂ,
ਪਰ ਦਿਲ ਤੋਂ ਮਾਂ ਤੇ ਮਾਂ ਬੋਲੀ ਨਾਲ਼ ਰਹਿੰਦੇ ਹਾਂ।

ਜਦ ਆਪਣੇ ਘਰ ਤੋਂ ਫੋਨ ਦੀ ਘੰਟੀ ਵੱਜਦੀ ਹੈ,
ਸਹੁੰ ਰੱਬ ਦੀ ਸਾਨੂੰ ਬੜੀ ਪਿਆਰੀ ਲੱਗਦੀ ਹੈ।
ਸੁਣਾਂ ਜਦ ਮਾਖਿਓਂ ਮਿੱਠੇ ਬੋਲ,
ਕਰੇ ਦਿਲ ਹੋ ਕੇ ਬਹਿ ਜਾਂ ਕੋਲ,
ਲਾਲ ਕਿਉਂ ਦਿੱਤੇ ਮਿੱਟੀ ਰੋਲ ?
ਵਿਛੋੜੇ ਸਹਿੰਦੇ ਹਾਂ,
ਅਸੀਂ ਦਿਲ ਤੋਂ ਮਾਂ ਤੇ ਮਾਂ ਬੋਲੀ ਨਾਲ਼ ਰਹਿੰਦੇ ਹਾਂ।

ਥਾਂ-ਥਾਂ 'ਤੇ ਏ.ਸੀ., ਹੀਟਰ, ਫੁੱਲ ਤੇ ਕਲੀਆਂ ਨੇ,
ਸਾਡੀ ਜੀ.ਟੀ.ਰੋਡ ਦੇ ਵਰਗੀਆਂ ਇੱਥੇ ਗਲੀਆਂ ਨੇ।
ਨਾ ਮਿਲ਼ਦੀ ਪਿੱਪਲ਼ਾਂ ਦੀ ਪਰ ਛਾਂ,
ਮਰ ਜਾਣਾ ਆਖਣ ਵਾਲ਼ੀ ਮਾਂ,
ਬਾਪੂ ਦੀ ਖੁੰਡੀ ਵਾਲ਼ੀ ਬਾਂਹ,
ਢੂੰਡਦੇ ਰਹਿੰਦੇ ਹਾਂ,
ਅਸੀਂ ਦਿਲ ਤੋਂ ਮਾਂ ਤੇ ਮਾਂ ਬੋਲੀ ਨਾਲ਼ ਰਹਿੰਦੇ ਹਾਂ।

ਜੇ ਸਾਂਭਣ ਆਪਣੇ ਦੇਸ਼, ਬੇਗਾਨੇ ਕਿਉਂ ਜਾਈਏ,
ਅਸੀਂ ਨਸਲਵਾਦ ਦੇ ਥੱਪੜ, ਠੇਡੇ ਕਿਉਂ ਖਾਈਏ।
ਕਿੱਥੇ, ਕੀ, ਹੋ ਨੀ ਸਕਦਾ ਯਾਰ ?
ਯਤਨ ਜੇ ਕਰੇ ਕੋਈ ਸਰਕਾਰ,
ਬਣੇ ਕਿਉਂ ਕੋਈ ਕਿਸੇ 'ਤੇ ਭਾਰ!
ਸੋਚਾਂ ਨਾਲ਼ ਖਹਿੰਦੇ ਹਾਂ,
ਅਸੀਂ ਦਿਲ ਤੋਂ ਮਾਂ ਤੇ ਮਾਂ ਬੋਲੀ ਨਾਲ਼ ਰਹਿੰਦੇ ਹਾਂ।

ਮੇਰੀ ਬੋਲੀ ਵਸਦੀ ਰਵੇ, ਤਰੱਕੀਆਂ ਹੋਰ ਕਰੇ,
ਇਹ ਬਣੇ ਪਟਰਾਣੀ ਤੇ ਪਾਣੀ (ਇਹਦਾ) ਜੱਗ ਭਰੇ।
ਰਹੀਏ ਭਾਵੇਂ ਸੱਤ ਸਮੁੰਦਰੋਂ ਪਾਰ,
ਨਾ ਤੈਨੂੰ ਸਕੀਏ ਮਨੋ ਵਿਸਾਰ,
ਮਿਲ਼ਨ ਜਦ 'ਬਲਵਿੰਦਰ' ਜਿਹੇ ਯਾਰ,
ਮਨਾਂ ਦੀਆਂ ਕਹਿੰਦੇ ਹਾਂ,
ਅਸੀਂ ਦਿਲ ਤੋਂ ਮਾਂ ਤੇ ਮਾਂ ਬੋਲੀ ਨਾਲ਼ ਰਹਿੰਦੇ ਹਾਂ।

ਆਪਣੇ ਔਗੁਣ ਵੇਖਣ ਜੋਗੀ ਹਿੰਮਤ ਨਈਂ

ਆਪਣੇ ਔਗੁਣ ਵੇਖਣ ਜੋਗੀ ਹਿੰਮਤ ਨਈਂ,
ਲੋਕਾਂ ਨੂੰ ਅਸੀਂ ਬਾਂਹਵਾਂ ਕੱਢ-ਕੱਢ ਭੰਡਦੇ ਹਾਂ।
ਆਪ ਤੋੜੀਏ ਨਿਯਮ ਦਿਆਨਤਦਾਰੀ ਦੇ,
ਹੋਰਾਂ ਕੋਲੋਂ ਭਲੇਮਾਣਸੀ ਮੰਗਦੇ ਹਾਂ।

ਸਦਾ ਬੋਲਣਾ ਸੱਚ ਦਾ ਮਾਟੋ ਲਿਖਿਆ ਹੈ,
ਹਰ ਸਕੂਲ ਨੇ ਬੱਚਿਆਂ ਨੂੰ ਸਮਝਾਵਣ ਲਈ।
ਮੌਕਾ ਮਿਲੇ ਤਾਂ ਹਰ ਕੋਈ ਨਕਲਾਂ ਮਾਰਦਾ ਏ,
ਕਿਹੜਾ ਟਲਦਾ ਚੱਲਦੀ ਗੰਗਾ ਨ੍ਹਾਵਣ ਲਈ।
ਦੂਜਾ ਕਰੇ ਤਾਂ ਬੇਇਨਸਾਫ਼ੀ ਲੱਗਦੀ ਹੈ,
ਆਪ ਅਸੀਂ ਨਾ ਖੁੱਲ੍ਹਾਂ ਮਾਣਦੇ ਸੰਗਦੇ ਹਾਂ,
ਆਪਣੇ ਔਗੁਣ ਵੇਖਣ ਜੋਗੀ .....।

ਰਿਸ਼ਵਤ ਲੈਣੀ-ਦੇਣੀ ਜ਼ੁਰਮ ਕਾਨੂੰਨੀ ਹੈ,
ਲੋਕਾਂ ਨੂੰ ਅਸੀਂ ਪਾਠ ਪੜ੍ਹਾਉਂਦੇ ਥੱਕਦੇ ਨਈਂ।
ਜਦ ਕੰਮ ਆਪਣਾ ਅੜਿਆ ਹੋਵੇ ਓਸ ਵੇਲੇ,
ਮੂੰਹ ਮੰਗੀ ਅਸੀਂ ਰਿਸ਼ਵਤ ਦੇਣੋ ਜਕਦੇ ਨਈਂ।
ਦੂਜਾ ਤੋੜੇ ਨਿਯਮ ਤਾਂ ਜਰਿਆ ਜਾਂਦਾ ਨਈਂ,
ਖ਼ੁਦ ਨਿਯਮਾਂ ਨੂੰ ਰੋਜ਼ ਹੀ ਛਿੱਕੇ ਟੰਗਦੇ ਹਾਂ,
ਆਪਣੇ ਔਗੁਣ ਵੇਖਣ ਜੋਗੀ .....।

ਕਿਥੇ ਗਈ ਲਿਹਾਜ਼ ਤੇ ਕਿਥੇ ਪਿਆਰ ਗਿਆ,
ਚੀਜ਼ਾਂ ਦੇ ਮੁੱਲ ਦੇਣ ਵੇਲੇ ਅਸੀਂ ਸੋਚਦੇ ਹਾਂ।
ਆਪਣੇ ਘਰੋਂ ਜੇ ਲੱਸੀ ਵੀ ਕੋਈ ਲੈ ਜਾਵੇ,
ਉਹਦੇ ਕੋਲੋਂ ਪੈਸੇ ਲੈਣੇ ਲੋਚਦੇ ਹਾਂ।
ਹੋਰਾਂ ਨੂੰ ਹੱਥ ਦੇ-ਦੇ ਰੋਕਣਾ ਚਾਹੁੰਦੇ ਹਾਂ,
ਆਪਣੀ ਵਾਰੀ ਪਾਸੇ ਵੱਟ-ਵੱਟ ਲੰਘਦੇ ਹਾਂ,
ਆਪਣੇ ਔਗੁਣ ਵੇਖਣ ਜੋਗੀ .....।

ਗੱਲ ਕਿਸੇ ਦੀ ਸਾਡੇ ਢਿੱਡ ਵਿੱਚ ਪਚਦੀ ਨਈਂ,
ਹੋਰਾਂ ਨੂੰ ਉਂਜ ਚੁ਼ਗਲਖ਼ੋਰ ਅਸੀਂ ਕਹਿੰਦੇ ਹਾਂ।
ਕਿੱਦਾਂ ਭੰਡੀਏ, ਨਿੰਦੀਏ ਬਾਕੀ ਦੁਨੀਆ ਨੂੰ,
ਚੌਵੀ ਘੰਟੇ ਏਸ ਤਾਕ ਵਿੱਚ ਰਹਿੰਦੇ ਹਾਂ।
ਲੋਕਾਂ ਤੋਂ ਅਸੀਂ ਜੀ-ਜੀ ਸੁਣੀਏਂ ਜੀਅ ਕਰਦਾ,
ਆਪ ਲੋਕਾਂ ਨੂੰ ਵਾਂਗ ਡੂੰਮਣੇ ਡੰਗਦੇ ਹਾਂ,
ਆਪਣੇ ਔਗੁਣ ਵੇਖਣ ਜੋਗੀ .....।

ਛੱਡ ਬਲਵਿੰਦਰਾ ਕਾਹਤੋਂ ਖ਼ੂਨ ਸੁਕਾਉਂਦਾ ਏਂ,
ਦੁਨੀਆ ਸਾਰੀ ਗਿਰਗਿਟ ਬਣ ਕੇ ਰਹਿ ਗਈ ਏ।
ਆਪਣੇ ਮਨ ਦੀ ਬਾਤ ਸੁਣਨ ਦਾ ਵਕਤ ਨਹੀਂ,
ਹਰ ਪਾਸੇ ਹੀ ਆਪੋ-ਧਾਪੀ ਪੈ ਗਈ ਏ।
ਵਾਅਦੇ, ਕੌਲ, ਕਰਾਰਾਂ ਦਾ ਯੁੱਗ ਬੀਤ ਗਿਆ,
ਅਸੀਂ ਨਿੱਤ ਜ਼ਮੀਰ ਨੂੰ ਨਵੇਂ ਰੰਗਾਂ ਵਿੱਚ ਰੰਗਦੇ ਹਾਂ,
ਆਪਣੇ ਔਗੁਣ ਵੇਖਣ ਜੋਗੀ .....।

ਸੂਟੇ ਨਾ ਇੰਜ ਮਾਰ

ਸੂਟੇ ਨਾ ਇੰਜ ਮਾਰ ਵੀਰਿਆ, ਸੂਟੇ ਨਾ ਇੰਜ ਮਾਰ,
ਇੱਕ ਇੱਕ ਸੂਟਾ ਜਿੰਦ ਤੇਰੀ ਲਈ, ਬਣ ਨਾ ਜਾਵੇ ਭਾਰ,
ਸੂਟੇ ਨਾ ਇੰਜ ਮਾਰ ਵੀਰਿਆ, ਸੂਟੇ ਨਾ ਇੰਜ ਮਾਰ।

ਤੂੰ ਆਖੇਂ ਇਹ ਸੂਟਾ, ਝੂਟਾ, ਮੈਂ ਆਖਾਂ ਇਹ ਕੈਂਸਰ-ਬੂਟਾ,
ਅੱਜ ਤੇਰੀ ਦਿੱਖ ਰਾਜਿਆਂ ਵਰਗੀ, ਕੱਲ੍ਹ ਨੂੰ ਹੱਥ ਫੜਾਊ ਠੂਠਾ।
ਆਪਣੇ ਸੋਹਣੇ ਜਿਸਮ-ਰੁੱਖ 'ਤੇ, ਅਮਰ-ਵੇਲ਼ ਨਾ ਚਾੜ੍ਹ,
ਸੂਟੇ ਨਾ ਇੰਜ ਮਾਰ ਵੀਰਿਆ, ਸੂਟੇ ਨਾ ਇੰਜ ਮਾਰ।

ਜੋ ਧੂੰਏ ਦੇ ਨੇੜੇ ਆਵੇ, ਰੋਗ ਦਮੇ ਦਾ ਉਹਨੂੰ ਖਾਵੇ,
ਤੇਰਾ ਤਾਂ ਇਹ ਸ਼ੌਕ-ਅਮਲ ਹੈ, ਸਾਥੀ ਬੇ-ਮਤਲਬ ਫਸ ਜਾਵੇ।
ਆਪਣਾ ਆਪ ਬਚਾ ਲੈ, ਨਾਲ਼ੇ ਲੋਕਾਂ ਲਈ ਵਿਚਾਰ,
ਸੂਟੇ ਨਾ ਇੰਜ ਮਾਰ ਵੀਰਿਆ, ਸੂਟੇ ਨਾ ਇੰਜ ਮਾਰ।

ਹਰ ਸੂਟੇ ਨਾਲ਼ ਜਿੱਦਾਂ ਤੇਰੀ, ਸਿਗਰਟ ਬਣਦੀ ਰਾਖ ਦੀ ਢੇਰੀ,
ਸੂਟਾ ਸਾਲ ਉਮਰ ਦੇ ਖਾਵੇ, ਲਾਉਂਦਾ ਨਾ ਬਲਵਿੰਦਰਾ ਦੇਰੀ।
ਭਾਰਤ-ਮਾਂ ਦੀ ਸਹੁੰ ਤੈਨੂੰ, ਛੱਡ ਅੱਜ ਤੋਂ ਪੀਣੀ ਯਾਰ,
ਸੂਟੇ ਨਾ ਇੰਜ ਮਾਰ ਵੀਰਿਆ, ਸੂਟੇ ਨਾ ਇੰਜ ਮਾਰ।

ਆਤਮ ਹੱਤਿਆ ਕਿਸੇ ਸਮੱਸਿਆ ਦਾ ਕੋਈ ਹੱਲ ਨਹੀਂ

ਆਤਮ ਹੱਤਿਆ ਕਿਸੇ ਸਮੱਸਿਆ ਦਾ ਕੋਈ ਹੱਲ ਨਹੀਂ,
ਇਸ ਕਾਰੇ ਨਾਲ਼ ਜੱਗ ਦੇ ਵਿੱਚ ਕੋਈ ਬਣਦੀ ਭੱਲ ਨਹੀਂ।

ਮੰਨਿਆ ਤੁਸੀਂ ਗ਼ਰੀਬੀ ਕਰਕੇ ਮਰਨਾ ਚਾਹੁੰਦੇ ਹੋ,
ਜ਼ਿੰਮੇਵਾਰੀਆਂ ਤੋਂ ਕਿਨਾਰਾ ਕਰਨਾ ਚਾਹੁੰਦੇ ਹੋ।
ਸੜਕੀਂ ਰੋੜੀ ਕੁੱਟਦੀਆਂ ਮੁਟਿਆਰਾਂ ਨੂੰ ਵੇਖੋ,
ਫ਼ੁੱਟਪਾਥਾਂ 'ਤੇ ਸੌਂਦੇ ਲੋਕ ਹਜ਼ਾਰਾਂ ਨੂੰ ਵੇਖੋ।
ਜੱਗ 'ਤੇ ਭੁੱਖੇ ਢਿੱਡ ਲੱਖਾਂ, ਇੱਕ ਥੋਡੀ ਗੱਲ ਨਹੀਂ,
ਆਤਮ ਹੱਤਿਆ ਕਿਸੇ .....

ਕੀ ਹੋਇਆ ਤੁਸੀਂ ਤੰਗ ਹੋ ਕਿਸੇ ਬਿਮਾਰੀ ਤੋਂ ਯਾਰੋ,
ਜਾਂ ਕਿਸੇ ਦੁਸ਼ਮਣ ਜਾਂ ਆਪਣੇ ਹੀ ਆੜੀ ਤੋਂ ਯਾਰੋ।
ਦੁਸ਼ਮਣ ਦਾ ਕੰਮ ਵੈਰ ਕਮਾਉਣਾ, ਸਾਰੇ ਜਾਣਦੇ ਹੋ,
ਕਲਯੁੱਗ ਦੇ ਵਿੱਚ ਆੜੀਆਂ ਤੋਂ ਕੀ ਵਫ਼ਾ ਭਾਲ਼ਦੇ ਹੋ।
ਛੱਡ ਅਖਾੜੇ ਜੋ ਭੱਜਦੇ, ਉਹ ਹੁੰਦੇ ਮੱਲ ਨਹੀਂ,
ਆਤਮ ਹੱਤਿਆ ਕਿਸੇ .....

ਮੰਨਿਆ ਥੋਨੂੰ ਬਿਜ਼ਨਿਸ ਦੇ ਵਿੱਚ ਘਾਟਾ ਪੈ ਗਿਆ ਏ,
ਮੰਨਿਆ ਥੋਡੇ ਹੱਥਾਂ ਦੇ ਵਿੱਚ ਬਾਟਾ ਰਹਿ ਗਿਆ ਏ।
ਪੰਛੀਆਂ ਦਾ ਕੀ ਬਿਜ਼ਨਿਸ, ਕੀ ਵਪਾਰ ਗ਼ਰੀਬਾਂ ਦਾ,
ਤਾਂ ਵੀ ਜੱਗ 'ਤੇ ਵਸਦਾ ਏ ਸੰਸਾਰ ਗ਼ਰੀਬਾਂ ਦਾ।
ਕੀ ਸਿੱਖਿਆ! ਜੇ ਰਜ਼ਾ 'ਚ ਰਾਜ਼ੀ ਰਹਿਣ ਦਾ ਵੱਲ ਨਹੀਂ,
ਆਤਮ ਹੱਤਿਆ ਕਿਸੇ .....

ਮੰਨਿਆ ਥੋਨੂੰ ਦੁੱਖਾਂ-ਦਰਦਾਂ ਬੜਾ ਸਤਾਇਆ ਹੈ,
'ਦੁਖੀਆ ਸਭ ਸੰਸਾਰ' ਇਹ ਨਾਨਕ ਨੇ ਫਰਮਾਇਆ ਹੈ।
ਨਿੱਕੀ-ਮੋਟੀ ਗੱਲ ਐਵੇਂ ਮਨ 'ਤੇ ਨੀਂ ਲਾਈਦੀ,
ਮਨ ਦੀ ਉਲ਼ਝਣ, ਯਾਰਾਂ ਦੇ ਵਿੱਚ ਆਖ ਸੁਣਾਈ ਦੀ।
ਬੀਤ ਗਿਆ ਹੱਥ ਆਉਣਾ, ਯਾਰੋ ਮੁੜ ਕੇ ਕੱਲ੍ਹ ਨਹੀਂ,
ਆਤਮ ਹੱਤਿਆ ਕਿਸੇ .....

ਮਾਣ ਅਤੇ ਅਪਮਾਨ ਇਹ ਸਾਡੇ ਮਨ ਦੀਆਂ ਸੋਚਾ ਨੇ,
ਅੰਦਰੋ-ਅੰਦਰੀ ਖ਼ੂਨ ਚੂਸਦੀਆਂ ਇਹੋ ਜੋਕਾਂ ਨੇ।
ਜੋ ਹੋ ਗਿਆ, ਸੋ ਹੋ ਗਿਆ, ਝੋਰਾ ਕਿਹੜੀਆਂ ਬਾਤਾਂ ਦਾ,
ਮੁੜ ਮੁੜ ਸੋਗ ਮਨਾਈਦਾ ਨੀਂ, ਕਾਲ਼ੀਆਂ ਰਾਤਾਂ ਦਾ।
ਜ਼ਿੰਦਗੀ ਨਾਲ਼ੋਂ ਵਧ ਕੇ, ਯਾਰੋ ਹੋਰ ਕੋਈ ਗੱਲ ਨਹੀਂ,
ਆਤਮ ਹੱਤਿਆ ਕਿਸੇ .....

ਕੀ ਹੋਇਆ ਇਸ ਵਾਰ ਜੇ ਪੇਪਰ ਮਾੜੇ ਹੋਏ ਸੀ,
ਪਿਛਲੇ ਸਾਲ ਵੀ ਸਫਲ ਭਾਈ, ਕਿਹੜਾ ਸਾਰੇ ਹੋਏ ਸੀ।
ਕਾਗਜ਼ਾਂ ਦੇ ਵਿੱਚ ਪਾਸ ਹੋਣਾ, ਕੋਈ ਅਸਲੀ ਗਿਆਨ ਨਹੀਂ,
ਜੋ ਕੁੱਝ ਸਿੱਖਿਆ ਜੇਕਰ ਸਾਥੋਂ ਹੁੰਦਾ ਬਿਆਨ ਨਹੀਂ।
ਘੁਲ਼ਦਾ ਜੋ ਨਾ ਹਰਿਆ, ਦੁਨੀਆ 'ਤੇ ਕੋਈ ਮੱਲ ਨਹੀਂ,
ਆਤਮ ਹੱਤਿਆ ਕਿਸੇ .....

ਪਿਆਰਾਂ ਦੇ ਵਿੱਚ ਫੇਲ੍ਹ ਹੋ ਕੇ, ਤੁਸੀਂ ਮਰਨ ਲਈ ਕਾਹਲ਼ੇ ਹੋ,
ਜੇ ਇਹ ਸੱਚ ਹੈ, ਤਾਂ ਤੁਸੀਂ, ਛੋਟੇ ਦਿਲ ਵਾਲ਼ੇ ਹੋ।
ਪਿਆਰ ਕੋਈ ਸੌਦਾ ਨਈਂ, ਜਿਥੇ ਘਾਟੇ- ਵਾਧੇ ਨੇ,
ਪਿਆਰ ਨਹੀਂ ਕੋਈ ਕਬਜ਼ਾ, ਇਹ ਤਾਂ ਪਾਕ ਇਰਾਦੇ ਨੇ।
ਬੁਜ਼ਦਿਲ ਬਣ ਕੇ ਮਰਨਾ ਕੀ 'ਬਲਵਿੰਦਰਾ' ਝੱਲ ਨਹੀਂ?
ਆਤਮ ਹੱਤਿਆ ਕਿਸੇ .....

ਮਾਂਏ ਸਾਡਾ ਪੁੱਛ ਨਾ ਮੁੜ ਮੁੜ ਹਾਲ

ਗੱਲ ਕਰਦਾਂ ਜਦ ਫੋਨ 'ਤੇ ਮਾਂਏ,
ਮਨ ਮੇਰਾ ਉਦੋਂ ਭਰ ਭਰ ਆਏ,
ਰੋਂਦਿਆਂ ਨੂੰ ਸਾਨੂੰ ਕੌਣ ਵਰਾਏ,
ਲਾ ਕੇ ਹਿੱਕ ਦੇ ਨਾਲ਼,
ਮਾਂਏ ਸਾਡਾ ਪੁੱਛ ਨਾ ਮੁੜ ਮੁੜ ਹਾਲ।

ਦਿਨੇ ਪੜ੍ਹਾਈਆਂ, ਰਾਤਾਂ ਨੂੰ ਕੰਮ,
ਲਾਲ ਤੇਰੇ ਨੂੰ ਮਿਲਦਾ ਨਾ ਦਮ।
ਹਸ ਹਸ ਹੈਲੋ ਕਰ ਛੱਡਦੇ ਹਾਂ,
ਦਿਲ ਸਾਡੇ ਵਿੱਚ ਲੱਖਾਂ ਨੇ ਗ਼ਮ।
ਹਾਲੇ ਤਾਂ ਕੁੱਝ ਦਿਨ ਹੀ ਗੁਜ਼ਰੇ,
ਬੀਤਣਗੇ ਕਿੰਝ ਸਾਲ !
ਮਾਂਏ ਸਾਡਾ ਪੁੱਛ ਨਾ ਮੁੜ ਮੁੜ ਹਾਲ।

ਸਾਗ ਸਰੋਂ ਦਾ, ਮੱਖਣ ਪੇੜਾ,
ਤੇਰੇ ਬਾਝੋਂ ਦੇਵੇ ਕਿਹੜਾ।
ਨਿੰਮ੍ਹ ਹੇਠਾਂ ਮੰਜਾ ਡਾਹ ਬਹਿੰਦੇ,
ਚੇਤੇ ਆਵੇ ਮੁੜ ਮੁੜ ਵਿਹੜਾ।
ਇਥੇ ਚੌਵੀ ਘੰਟੇ ਜ਼ਿੰਦਗੀ,
ਚੱਲਦੀ ਇਕੋ ਚਾਲ।
ਮਾਂਏ ਸਾਡਾ ਪੁੱਛ ਨਾ ਮੁੜ ਮੁੜ ਹਾਲ।

ਫੀਸ, ਕਿਰਾਏ, ਰਾਸ਼ਨ-ਪਾਣੀ,
ਖਰਚ ਦੀ ਲੰਮੀ ਬੜੀ ਕਹਾਣੀ।
ਪੈਸਾ-ਪੈਸਾ ਜੋੜ ਕੇ ਕੱਟਦੇ,
ਜ਼ਿੰਦਗੀ ਇਥੇ ਮੇਰੇ ਹਾਣੀ।
ਕੱਲ੍ਹ ਦਾ ਪਤਾ ਨੀਂ, ਅੱਜ ਤਾਂ ਸਾਡੀ,
ਜਿੰਦ ਨੂੰ ਬੜੇ ਜੰਜਾਲ਼।
ਮਾਂਏ ਸਾਡਾ ਪੁੱਛ ਨਾ ਮੁੜ ਮੁੜ ਹਾਲ।

ਵਾਅਦੇ, ਵਫ਼ਾ, ਮੁਹੱਬਤ ਮਾਂਏ,
ਇਸ ਧਰਤੀ 'ਤੇ ਕਿਉਂ ਨੀਂ ਆਏ?
ਨਾ ਬਲਦਾਂ ਗਲ਼ ਟੱਲੀਆਂ ਇਥੇ,
ਨਾ ਖੇਤੀਂ ਕੋਈ ਹੇਕਾਂ ਲਾਏ।
ਮੁੱਲ ਵਿਕਦੇ ਬਲਵਿੰਦਰਾ ਇਥੇ,
ਨਖ਼ਰੇ, ਹੁਸਨ, ਰੁਮਾਲ।
ਮਾਂਏ ਸਾਡਾ ਪੁੱਛ ਨਾ ਮੁੜ ਮੁੜ ਹਾਲ।

ਮਾਖਿਓਂ ਮਿੱਠੀ ਮਾਂ ਬੋਲੀ ਪੰਜਾਬੀ

ਮਾਖਿਓਂ ਮਿੱਠੀਏ ਮਾਂ ਬੋਲੀਏ ਮੈਂ ਤੈਨੂੰ ਰੱਜ ਰੱਜ ਪਿਆਰ ਕਰਾਂ.
ਸੀਸ ਝੁਕਾਵਾਂ ਚਰਨੀਂ ਤੇਰੇ ਸਿਰ 'ਤੇ ਤਾਜ ਧਰਾਂ।
ਮਾਖਿਓਂ ਮਿੱਠੀਏ ਮਾਂ ਬੋਲੀਏ ਮੈਂ ਤੈਨੂੰ ਰੱਜ ਰੱਜ ਪਿਆਰ ਕਰਾਂ।

ਮਾਂ ਬੋਲੀ ਵਿੱਚ ਮਾਂ ਨੇ ਪਹਿਲਾ ਫ਼ਿਕਰਾ ਕੰਨੀ ਪਾਇਆ,
ਜੁੱਗ ਜੁੱਗ ਜੀਵੇਂ ਲਾਲ ਮੇਰਿਆ ਕਹਿ ਕੇ ਲਾਡ ਲਡਾਇਆ,
ਓਸੇ ਦਿਨ ਤੋਂ ਮੈਂ ਬੋਲੀ ਨੂੰ ਸਾਹਾਂ ਵਿੱਚ ਸਮਾਇਆ।
ਜਦ ਕੋਈ ਬੋਲੇ ਇਸ ਬੋਲੀ ਵਿੱਚ ਮੈਂ ਨਾ ਮੂਲ ਡਰਾਂ,
ਮਾਖਿਓਂ ਮਿੱਠੀਏ ਮਾਂ ਬੋਲੀਏ ਮੈਂ ਤੈਨੂੰ ਰੱਜ ਰੱਜ ਪਿਆਰ ਕਰਾਂ।

ਵੱਡਾ ਹੋਇਆ ਸਮਝ ਪਈ ਇਹ ਬੋਲੀ ਤਾਂ ਪਟਰਾਣੀ,
ਰਿਸ਼ੀਆਂ-ਮੁਨੀਆਂ, ਨਾਥਾਂ,ਪੀਰਾਂ,ਅਵਤਾਰਾਂ ਦੀ ਹਾਣੀ,
ਇਸ ਬੋਲੀ ਵਿੱਚ ਜੁਗਾਂ ਜੁਗਾਂ ਦੀ ਸਾਂਭੀ ਪਈ ਕਹਾਣੀ।
ਦਰਸ਼ਨ ਹੋਵਣ ਤੇਰੇ ਨਾਨਕ, ਬੁੱਲ੍ਹਾ ਜਦੋਂ ਪੜ੍ਹਾਂ,
ਮਾਖਿਓਂ ਮਿੱਠੀਏ ਮਾਂ ਬੋਲੀਏ ਮੈਂ ਤੈਨੂੰ ਰੱਜ ਰੱਜ ਪਿਆਰ ਕਰਾਂ।

ਹੌਕੇ ਤੇ ਹਟਕੋਰੇ, ਲੁੱਡੀਆਂ , ਭੰਗੜੇ, ਮਾਹੀਏ, ਟੱਪੇ,
ਤੇਰੇ ਸ਼ਬਦਾਂ ਬਿਨ ਮਾਂ ਬੋਲੀਏ, ਵੱਜਦੇ ਨਹੀਂ ਛੜੱਪੇ,
ਬੱਲੇ, ਸ਼ਾਵਾ ਅਤੇ ਹੜ੍ਹੀਪਾ ਦੇ ਹਰ ਪਾਸੇ ਠੱਪੇ।
ਸੱਤ ਸਮੁੰਦਰੋਂ ਪਾਰ ਵੀ ਲੱਗਦਾ ਆਪਣਾ ਜਿਵੇਂ ਗਰਾਂ,
ਮਾਖਿਓਂ ਮਿੱਠੀਏ ਮਾਂ ਬੋਲੀਏ ਮੈਂ ਤੈਨੂੰ ਰੱਜ ਰੱਜ ਪਿਆਰ ਕਰਾਂ।

ਸਧਰ ਮੇਰੀ, ਨਾ ਕਬਰਾਂ ਤੀਕਰ ਤੈਨੂੰ ਮਨੋਂ ਭੁਲਾਵਾਂ,
ਮਾਂ ਬੋਲੀ ਵਿੱਚ ਮਿੱਠੇ, ਪਿਆਰੇ ਗੀਤ ਮੈਂ ਲਿਖ-ਲਿਖ ਗਾਵਾਂ,
ਬਲਵਿੰਦਰ ਜਿਹੇ ਮੀਤ ਕੋਲ ਬਹਿ, ਦਿਲ ਦੀਆਂ ਆਖ ਸੁਣਾਵਾਂ।
ਮਿਹਰਾਂ ਕਰ ਤੇਰੇ ਸਾਹਿਤ-ਸਾਗਰ 'ਚੋਂ ਮੈਂ ਵੀ ਚੁੰਝ ਭਰਾਂ,
ਮਾਖਿਓਂ ਮਿੱਠੀਏ ਮਾਂ ਬੋਲੀਏ ਮੈਂ ਤੈਨੂੰ ਰੱਜ ਰੱਜ ਪਿਆਰ ਕਰਾਂ.
ਸੀਸ ਝੁਕਾਵਾਂ ਚਰਨੀਂ ਤੇਰੇ ਸਿਰ 'ਤੇ ਤਾਜ ਧਰਾਂ।
ਮਾਖਿਓਂ ਮਿੱਠੀਏ ਮਾਂ ਬੋਲੀਏ ਮੈਂ ਤੈਨੂੰ ਰੱਜ ਰੱਜ ਪਿਆਰ ਕਰਾਂ।

ਏਅਰਪੋਰਟ

ਹਰ ਕੋਈ ਬੰਦਾ ਚਾਹਵੇ ਜਾਵਾਂ ਉੱਚੀ ਮਾਰ ਉਡਾਰੀ,
ਨਾਲ਼ ਡਾਲਰਾਂ ਬੋਝਾ ਮੇਰਾ ਹੋ ਜਾਏ ਇੱਕ ਦਮ ਭਾਰੀ,
ਆਪਣਾ ਪੂਰਾ ਜ਼ੋਰ ਲਗਾਵੇ ਜਿੰਨਾ ਜੀਹਤੋਂ ਸਰਦਾ,
ਪਰ ਏਅਰਪੋਰਟ 'ਤੇ ਦੂਰ ਜਾਣ ਨੂੰ ਜੀਅ ਨਾ ਕਿਸੇ ਦਾ ਕਰਦਾ।
ਸੱਚੀਂ ਘਰ ਆਪਣੇ ਤੋਂ ਦੂਰ ਜਾਣ ਨੂੰ
ਜੀਅ ਨਾ ਕਿਸੇ ਦਾ ਕਰਦਾ।

ਕੋਚਿੰਗ ਲੈ ਕੇ ਸਿੱਖ ਲਈ ਇੰਗਲਿਸ਼, ਬੈਂਡ ਜੋ ਪੂਰੇ ਲੈਣੇ,
ਤੂੰ ਵੀ ਬਾਪੂ ਡਰ ਨਾ, ਰੱਖ ਦੇ ਦੋ-ਤਿੰਨ ਕਿੱਲੇ ਗਹਿਣੇ,
ਕੋਈ ਜ਼ਮੀਨਾਂ ਵੇਚ ਕੇ ਜਾਂਦਾ, ਕੋਈ ਚੁੱਕ ਜਾਂਦਾ ਕਰਜ਼ਾ,
ਪਰ ਏਅਰਪੋਰਟ 'ਤੇ ਦੂਰ ਜਾਣ ਨੂੰ ਜੀਅ ਨਾ ਕਿਸੇ ਦਾ ਕਰਦਾ।

ਕਾਗਜ਼-ਪੱਤਰ ਪੂਰੇ ਕਰਕੇ, ਕੇਸ ਜਦੋਂ ਕੋਈ ਲਾਵੇ,
ਬਿਨਾਂ ਦੇਰੀ ਤੋਂ ਵੀਜ਼ਾ ਮਿਲਜੇ ਹਰ ਕੋਈ ਇਹੋ ਚਾਹਵੇ,
ਟਿਕਟ-ਸ਼ਾਪਿੰਗ ਦੇ ਖਰਚਿਆਂ ਦੇ ਲਈ ਸਭ ਕੁੱਝ ਵੇਚੇ ਘਰ ਦਾ,
ਪਰ ਏਅਰਪੋਰਟ 'ਤੇ ਦੂਰ ਜਾਣ ਨੂੰ ਜੀਅ ਨਾ ਕਿਸੇ ਦਾ ਕਰਦਾ।

ਪਾਸਪੋਰਟ 'ਤੇ ਵੇਖ ਕੇ ਵੀਜ਼ਾ, ਫੁੱਲਿਆ ਨਹੀਂ ਸਮਾਉਂਦਾ,
ਬਣਦੇ ਕੰਮ ਵਿੱਚ ਅਟਕ ਨਾ ਪੈ ਜਾਏ, ਰੌਲਾ ਵੀ ਨਈਂ ਪਾਉਂਦਾ,
ਲੋਕਾਂ ਨੂੰ ਪਤਾ ਉਦੋਂ ਲੱਗੇ, ਜਦੋਂ ਬੈਗ ਗੱਡੀ ਵਿੱਚ ਧਰਦਾ,
ਪਰ ਏਅਰਪੋਰਟ 'ਤੇ ਦੂਰ ਜਾਣ ਨੂੰ ਜੀਅ ਨਾ ਕਿਸੇ ਦਾ ਕਰਦਾ।

ਮਾਲ-ਪੱਤਾ ਸਭ ਕਰਕੇ 'ਕੱਠਾ ਪੈਕਿੰਗ ਲਈ ਜਦ ਬਹਿੰਦਾ,
ਦਿਲ-ਦਰਵਾਜ਼ੇ ਕੰਬਣ ਲੱਗਦੇ, ਮਨ-ਪਰਬਤ ਜਾਏ ਢਹਿੰਦਾ,
ਕਦੇ ਬੰਦਾ ਧੂੰਏ ਪੱਜ ਰੋਵੇ, ਕਦੇ ਅੰਦਰ ਜਾ ਵੜਦਾ,
ਪਰ ਏਅਰਪੋਰਟ 'ਤੇ ਦੂਰ ਜਾਣ ਨੂੰ ਜੀਅ ਨਾ ਕਿਸੇ ਦਾ ਕਰਦਾ।

ਆਪਣਿਆਂ ਦੇ ਮੋਹ ਤੋਂ ਦਿਲ ਨੂੰ ਰੋਕ ਨਾ ਸਕਦਾ ਕੋਈ,
ਪਿਆਰ ਵਤਨ ਦਾ, ਮਹਿਕ ਮਿੱਟੀ ਦੀ ਜਾਂਦੀ ਨਹੀਂ ਲਕੋਈ,
ਰੋਟੀ ਲਈ ਬਲਵਿੰਦਰਾ ਬੰਦਾ ਕੀ ਕੁੱਝ ਦਿਲ 'ਤੇ ਜਰਦਾ,
ਪਰ ਏਅਰਪੋਰਟ 'ਤੇ ਦੂਰ ਜਾਣ ਨੂੰ ਜੀਅ ਨਾ ਕਿਸੇ ਦਾ ਕਰਦਾ।

ਜੈ ਜਵਾਨ – ਜੈ ਕਿਸਾਨ

ਜੱਟਾਂ ਦੇ ਹੱਥ ਰਫ਼ਲਾਂ ਅਤੇ ਗੰਡਾਸੀਆਂ ਨਿੱਤ ਫੜਾਵੇਂ,
ਆਪ ਤਾਂ ਕਰੇਂ ਕਮਾਈਆਂ, ਜੱਟ ਦੇ ਜੜੀਂ ਤੂੰ ਬੈਠੀ ਜਾਵੇਂ।
ਆਤਮ-ਹੱਤਿਆ ਕਰਨ ਵਾਲ਼ਿਆਂ ਲਈ ਵੀ ਸਤਰ ਕੋਈ ਗਾ,
ਕੋਈ ਜੈ ਜਵਾਨ ਤੇ ਜੈ ਕਿਸਾਨ ਦਾ ਚੱਜ ਦਾ ਨਾਅਰਾ ਲਾ।

ਖੇਤੀ ਵਿਚੋਂ ਕੁਝ ਨੀਂ ਬਚਦਾ, ਔਖਾ ਬੜਾ ਗੁਜ਼ਾਰਾ,
ਚੁੱਕਿਆ ਕਰਜ਼ਾ ਲਹਿੰਦਾ ਨਈਂਓਂ, ਹੋਈ ਜਾਵੇ ਨਿੱਤ ਭਾਰਾ।
ਖਾਦ, ਡੀਜ਼ਲ, ਸਪਰੇਆਂ ਦੇ ਅਸਮਾਨੀ ਚੜ੍ਹ ਗਏ ਭਾਅ,
ਕੋਈ ਜੈ ਜਵਾਨ ਤੇ ਜੈ ਕਿਸਾਨ ਦਾ ਚੱਜ ਦਾ ਨਾਅਰਾ ਲਾ।

ਘਰ ਵਿੱਚ ਧੀਆਂ ਵਿਆਉਣ ਜੋਗੀਆਂ, ਵਰ ਨਾ ਕੋਈ ਧਿਆਵੇ,
ਬਿਨਾਂ ਜ਼ਮੀਨ ਜਾਂ ਦਾਜ ਤੋਂ ਜੱਟ ਦੀ ਧੀ ਨੂੰ ਕੌਣ ਵਿਆਹੇ?
ਇਹੋ ਜਿਹੇ ਮਸਲੇ ਵੀ ਆਪਣੇ ਗੀਤਾਂ ਵਿੱਚ ਉਠਾਅ,
ਕੋਈ ਜੈ ਜਵਾਨ ਤੇ ਜੈ ਕਿਸਾਨ ਦਾ ਚੱਜ ਦਾ ਨਾਅਰਾ ਲਾ।

ਸੁਣ ਸੁਣ ਗੀਤ ਤੁਹਾਡੇ, ਅੱਜ ਦੇ ਗੱਭਰੂ ਫੁਕਰੇ ਹੋ ਗਏ,
ਝੂਠੇ ਵੇਖ ਸਟਾਈਲ ਟੀ.ਵੀ. 'ਤੇ, ਆਪਣਾ ਵਿਰਸਾ ਖੋ ਗਏ।
ਨਸ਼ੇ, ਲੜਾਈਆਂ ਨੇ ਮੰਜ਼ਿਲਾਂ ਦੇ ਰੋਕ ਰੱਖੇ ਨੇ ਰਾਹ,
ਕੋਈ ਜੈ ਜਵਾਨ ਤੇ ਜੈ ਕਿਸਾਨ ਦਾ ਚੱਜ ਦਾ ਨਾਅਰਾ ਲਾ।

ਦੁਨੀਆ ਦਾ ਹਰ ਭੈੜ ਕਿਉਂ ਜੱਟ ਦੇ ਨਾਮ ਮੜੀ ਤੂੰ ਜਾਵੇਂ,
ਕਿਉਂ ਬਲਵਿੰਦਰਾ ਜੱਟ ਨੂੰ ਵੈਲੀ ਤੇ ਬਦਮਾਸ਼ ਵਿਖਾਵੇਂ?
ਜੱਟ ਤਾਂ ਹੁੰਦੇ ਨੇ ਅੰਨ ਦਾਤਾ ਇਹ ਨਾ ਮਨੋ ਭੁਲਾ,
ਕੋਈ ਜੈ ਜਵਾਨ ਤੇ ਜੈ ਕਿਸਾਨ ਦਾ ਚੱਜ ਦਾ ਨਾਅਰਾ ਲਾ।

ਲਾਇਬ੍ਰੇਰੀ

ਲਾਇਬ੍ਰੇਰੀ, ਵਿੱਚ ਕਿਤਾਬਾਂ, ਭਰਿਆ ਵਿੱਚ ਗਿਆਨ,
ਇਹ ਕਿਤਾਬਾਂ ਹੀ ਬਣਦੀਆਂ ਨੇ, ਬੰਦੇ ਦੀ ਪਹਿਚਾਣ।

ਲਾਇਬ੍ਰੇਰੀ, ਵਿੱਚ ਕਿਤਾਬਾਂ, ਇਹਨਾਂ ਵਿੱਚ ਤਜਰਬੇ,
ਪੜ੍ਹ ਕਿਤਾਬਾਂ ਹੋਵਣ ਮਿੱਠੇ, ਬੋਲ ਬੰਦੇ ਦੇ ਖਰ੍ਹਵੇ।

ਲਾਇਬ੍ਰੇਰੀ, ਵਿੱਚ ਕਿਤਾਬਾਂ, ਇਹਨਾਂ ਵਿੱਚ ਕਹਾਣੀ,
ਪੜ੍ਹ ਕਿਤਾਬਾਂ ਬਣ ਜਾਂਦਾ ਹੈ, ਬੰਦਾ ਸਮੇਂ ਦਾ ਹਾਣੀ।

ਲਾਇਬ੍ਰੇਰੀ, ਵਿੱਚ ਕਿਤਾਬਾਂ, ਇਹਨਾਂ ਵਿੱਚ ਨਿਚੋੜ,
ਇਹ ਕਿਤਾਬਾਂ ਦਿੰਦੀਆਂ ਸਾਨੂੰ ਨਾਲ਼ ਸੱਚ ਦੇ ਜੋੜ।

ਲਾਇਬ੍ਰੇਰੀ, ਵਿੱਚ ਕਿਤਾਬਾਂ, ਵਿੱਚ ਗਿਆਨ ਦੀਆਂ ਰਿਸ਼ਮਾਂ,
ਪੜ੍ਹ ਕਿਤਾਬਾਂ ਹੀ ਹੋ ਸਕਦਾ, ਨਿੱਤ ਨਵਾਂ ਕੋਈ ਕ੍ਰਿਸ਼ਮਾ।

ਲਾਇਬ੍ਰੇਰੀ, ਵਿੱਚ ਕਿਤਾਬਾਂ, ਵਿੱਚ ਹਾਸੇ, ਕਿਲਕਾਰੀ,
ਜੇ ਖੁਸ਼ ਰਹਿਣਾ ਪਾ ਕੇ ਰੱਖੋ ਨਾਲ਼ ਕਿਤਾਬਾਂ ਯਾਰੀ।

ਲਾਇਬ੍ਰੇਰੀ, ਵਿੱਚ ਕਿਤਾਬਾਂ, ਵਿੱਚ ਮਿੱਠੀਆਂ ਕਵਿਤਾਵਾਂ,
ਕਰ ਕੇ ਯਾਦ ਮੈਂ ਇਹ ਕਵਿਤਾਵਾਂ ਹਰ ਪਲ ਗੁਣ-ਗੁਣਾਵਾਂ।

ਲਾਇਬ੍ਰੇਰੀ ਵਿੱਚ ਕਿਤਾਬਾਂ, ਮੈਂ ਵਿੱਚੇ ਗੁੰਮ ਜਾਵਾਂ।
ਕੁੱਝ ਕਿਤਾਬਾਂ ਮੈਨੂੰ ਬਾਬਲ ਲੱਗਦੀਆਂ, ਕੁੱਝ ਲੱਗਦੀਆਂ ਮਾਂਵਾਂ।
ਕੁੱਝ ਦਾਦੀ ਦੇ ਵਾਂਗੂੰ ਆਖਣ, ਆ ਤੈਨੂੰ ਬਾਤ ਸੁਣਾਵਾਂ।
ਕੁੱਝ ਮੇਰੀ ਨਾਨੀ ਦੇ ਵਰਗੀਆਂ, ਮੰਗਣ ਲੱਖ ਦੁਆਵਾਂ।
ਕੁੱਝ ਕਿਤਾਬਾਂ ਭੈਣਾਂ ਵਰਗੀਆਂ, ਕੁੱਝ ਵੀਰਾਂ ਦੀਆਂ ਬਾਹਵਾਂ।
ਕੁੱਝ ਦਾਦੇ ਕੁੱਝ ਨਾਨੇ ਵਰਗੀਆਂ, ਭੱਜ ਪੈਰੀਂ ਹੱਥ ਲਾਵਾਂ।
ਕੁੱਝ ਨੇ ਚੰਦਾ-ਮਾਮੇ ਵਰਗੀਆਂ, ਦਿੰਦੀਆਂ ਨੇਕ ਸਲਾਹਾਂ।
ਕੁੱਝ ਸੂਰਜ ਦੀ ਲਾਲੀ ਵਰਗੀਆਂ, ਪੜ੍ਹ-ਪੜ੍ਹ ਮਨ ਰੁਸ਼ਨਾਵਾਂ।
ਕੁੱਝ ਖੁਦ ਪਾਰਬ੍ਰਹਮ ਵਰਗੀਆਂ, ਧੋ-ਧੋ ਕੇ ਹੱਥ ਲਾਵਾਂ।

ਕੁੱਝ ਮੇਰੇ ਸੱਜਣਾਂ ਦੇ ਵਰਗੀਆਂ, ਦਿਲ ਦੇ ਵਿੱਚ ਵਸਾਵਾਂ।
ਵਸਣ ਇਹਨਾਂ ਦੇ ਕਰਤੇ, ਪਾਠਕ,
ਵਸਣ ਇਹਨਾਂ ਦੀਆਂ ਮਾਂਵਾਂ,
ਮੈਂ ਇਹਨਾਂ ਨੂੰ ਪੜ੍ਹਦਾ, ਸਿੱਖਦਾ ਇਹੋ ਜਿਹਾ ਬਣ ਜਾਵਾਂ।

ਦਰਦ-ਏ-ਕਵੀ - (ਵਿਅੰਗ-ਕਾਵਿ)

ਕਈ ਦਿਨਾਂ ਤੋਂ ਪੇਟ ਮੇਰੇ ਵਿੱਚ ਗੜਬੜ ਚੱਲ ਰਹੀ ਸੀ,
ਸਭ ਕੁੱਝ ਉਲਟਾ ਪੁਲਟਾ ਹੋਇਆ ਕੁਝ ਵੀ ਨਾ ਸਹੀ ਸੀ।

ਦੇਸੀ ਨੁਸਖ਼ੇ ਮੈਂ ਕਈ ਵਰਤੇ ਪਰ ਕੋਈ ਰਾਸ ਨਾ ਆਇਆ,
ਥੱਕ ਹਾਰ ਕੇ ਆਪਣਾ ਦੁੱਖ ਮੈਂ ਡਾਕਟਰ ਕੋਲ ਸੁਣਾਇਆ।

ਉਸ ਨੇ ਗੋਲੀਆਂ, ਟੀਕੇ ਲਾ ਕੇ ਚੰਗਾ ਬਿਲ ਬਣਾਇਆ,
ਪਰ ਨਾ ਮੇਰੇ ਪੇਟ-ਦਰਦ ਨੇ ਮੋੜਾ ਭੋਰਾ ਪਾਇਆ।

ਅੰਗਰੇਜ਼ੀ ਛੱਡ ਫਿਰ ਮੈਂ ਹੋਮਿਓਪੈਥੀ ਵੱਲ ਨੂੰ ਹੋਇਆ,
ਉਸ ਡਾਕਟਰ ਕੋਲੋਂ ਵੀ ਮੇਰਾ, ਨੁਕਸ ਗਿਆ ਨਾ ਟੋਹਿਆ।

ਬੇਬੇ ਦੇ ਕਹੇ ਲੱਗ ਕੇ ਡੇਰਿਓਂ ਹੱਥੌਲਾ ਕਰਵਾਇਆ,
ਮੰਦਰ ਵਾਲ਼ੇ ਬਾਬੇ ਕੋਲੋਂ ਧਾਗਾ ਵੀ ਬਣਵਾਇਆ।

ਦਰਦ ਕਹੇ ਕੀ ਦੇਣਾ ਤੇਰਾ, ਮੈਂ ਤਾਂ ਚੱਕ ਦੂੰ ਫੱਟੇ,
ਹਾਲਤ ਮੇਰੀ ਦੇਖ ਕੇ ਮਿੱਤਰ-ਸੱਜਣ ਹੋ ਗਏ 'ਕੱਠੇ।

ਸਭ ਨੇ ਮੁਫ਼ਤੋ-ਮੁਫ਼ਤੀ ਦਿੱਤੀਆਂ ਆਪਣੀਆਂ ਨੇਕ ਸਲਾਹਾਂ,
ਕੋਈ ਮੇਰੀਆਂ ਲੱਤਾਂ ਖਿੱਚੇ ਤੇ ਕੋਈ ਖਿੱਚੇ ਬਾਂਹਾਂ।

ਕੌਲੀ ਦੇ ਵਿੱਚ ਤੇਲ ਪਾਈ ਕੋਈ ਮੇਰੇ ਵੱਲ ਨੂੰ ਆਵੇ,
ਕਹਿੰਦਾ ਇਹਦੇ ਧਰਨ ਪਈ ਆ, ਤਾਹੀਓਂ ਦੁੱਖ ਨਾ ਜਾਵੇ।

ਕਿਸੇ ਨੇ ਮੇਰੀਆਂ ਪਿੰਜਣੀਆਂ ਮਲ਼, ਕਰ'ਤਾ ਮੈਨੂੰ ਦੂਹਰਾ,
ਢਿੱਡ ਮਲ਼ੇ ਤੋਂ ਮੈਂ ਤਾਂ ਲੱਗਾਂ ਭੁੱਖਾ ਜਿਵੇਂ ਕਤੂਰਾ।

ਓਸ ਭੀੜ 'ਚੋਂ ਇੱਕ ਬੰਦੇ ਨੇ ਆਪਣੀ ਸਮਝ ਵਿਖਾਈ,
ਕਹਿੰਦਾ ਮੈਨੂੰ ਪੁੱਛ ਲੈਣ ਦਿਓ, ਕੁੱਝ ਕਵੀ ਤੋਂ ਭਾਈ।

ਮੈਨੂੰ ਕਹਿੰਦਾ ਕਵਿਤਾ ਲਿਖੀ ਨੂੰ ਦੇਰ ਕਿੰਨੀ ਦੱਸ ਹੋਈ,
ਮੈਂ ਆਖਿਆ ਲਿਖੀਆਂ ਬੜੀਆਂ, ਸੁਣਨ ਵਾਲ਼ਾ ਨੀਂ ਕੋਈ।

ਕਹਿੰਦਾ ਤੇਰੇ ਦੁੱਖ ਦਾ ਕਾਰਨ ਲੱਭ ਲਿਆ ਮੈਂ ਭਾਈ,
ਨਾ ਕਿਸੇ ਤੇਰੀ ਕਵਿਤਾ ਛਾਪੀ, ਨਾ ਤੈਂ ਕਿਤੇ ਸੁਣਾਈ।

ਇੱਕ ਅੱਧ ਲੱਭ ਸਰੋਤਾ, ਆਪਣੀ ਕਵਿਤਾ ਬੈਠ ਸੁਣਾ ਲੈ,
ਜਾਂ ਕਿਸੇ ਅਖ਼ਬਾਰ ਨੂੰ ਭੇਜ ਕੇ, ਉਹਦੇ ਵਿੱਚ ਛਪਵਾ ਲੈ।

ਕਿਸ ਨੂੰ ਕਵਿਤਾ ਬੋਲ ਸੁਣਾਵਾਂ, ਮੈਨੂੰ ਸਮਝ ਨਾ ਆਵੇ,
ਜਿਉਂ ਜਿਉਂ ਸੋਚਾਂ, ਤਿਉਂ ਤਿਉਂ ਮੈਨੂੰ ਦਰਦ ਮੇਰਾ ਤੜਫਾਵੇ।

ਘਰ ਵਾਲ਼ੀ ਦੇ ਅੱਗੇ ਪਿੱਛੇ ਘੁੰਮ ਕੇ ਹਵਾ ਛਕਾਈ,
ਜਦ ਮੈਂ ਆਖਿਆ ਕਵਿਤਾ ਸੁਣ ਲਾ, ਉਸ ਨਾ ਪੂਛ ਫੜਾਈ।

ਮੈਂ ਕਿਹਾ ਚੱਲ ਸਾਰੀ ਨਾ ਸੁਣ, ਸੁਣ ਲੈ ਇੱਕ ਦੋ ਬੰਦ,
ਕਹਿੰਦੀ ਥੋਡਾ ਊਲ-ਜਲੂਲ ਇਹ, ਮੈਨੂੰ ਨਹੀਂ ਪਸੰਦ।

ਫਿਰ ਮੈਂ ਕੋਠੇ ਚੜ੍ਹ ਕੇ ਖੱਬੇ-ਸੱਜੇ ਝਾਤੀ ਮਾਰੀ,
ਆਪਣੀ ਛੱਤ 'ਤੇ ਮੇਜਰ ਫ਼ੌਜੀ, ਬੈਠਾ ਸੀ ਮੇਰਾ ਆੜੀ,

ਜੰਗਲਾ ਟੱਪ ਕੇ ਬੜੀ ਆਸ ਨਾਲ਼, ਓਸ ਕੋਲ਼ ਜਾ ਬਹਿ ਗਿਆ,
ਕਵਿਤਾ ਉਹਨੇ ਕੀ ਸੁਣਨੀ ਸੀ,
ਮੈਂ ਉਹਦੇ 'ਕਿੱਸੇ' ਸੁਣਦਾ ਰਹਿ ਗਿਆ।

ਹੰਭ-ਹਾਰ ਕੇ ਸ਼ਾਮ ਵੇਲ਼ੇ ਮੈਂ ਸੜਕ 'ਤੇ ਆ ਕੇ ਖੜ੍ਹ ਗਿਆ,
ਰਿਕਸ਼ੇ ਵਾਲ਼ੇ ਨੂੰ ਹੱਥ ਦੇ ਕੇ, ਝੱਟ-ਪੱਟ ਉਪਰ ਚੜ੍ਹ ਗਿਆ।

ਪੁਲ਼ ਤੱਕ ਜਾਣ ਲਈ ਦਸਾਂ ਰੁਪਈਆਂ ਵਿੱਚ
ਮੈਂ ਉਹ ਮਨਾਇਆ,
ਥੋੜ੍ਹਾ ਚੱਲਿਆ, ਕਵਿਤਾ ਕੱਢ ਮੈਂ, ਰਿਕਸ਼ੇ ਨੂੰ ਰੁਕਵਾਇਆ।

ਨੋਟ ਦਿਖਾ ਕੇ ਕਿਹਾ ਓਸ ਨੂੰ, ਭਾਵੇਂ ਇਥੇ-ਈ ਛੱਡ ਜਾ,

ਪਰ ਤੂੰ ਮੇਰੀ ਕਵਿਤਾ ਸੁਣ, ਮੇਰੇ ਦਿਲ ਦਾ ਕੰਡਾ ਕੱਢ ਜਾ।

‘ਅਰੇ ਬਾਬੂ ਜੀ ਕਿਆ ਦਸ ਰੁਪਏ ਕਾ, ਤੂ ਬੀਸ ਮੁਝ ਸੇ ਲੇਨਾ,
ਪਹਿਲੇ ਸੁਨ ਤੂ ਮੇਰੀ ਕਵਿਤਾ, ਫਿਰ ਤੂ ਆਪਨੀ ਕਹਿਨਾ।’

ਪੈਸੇ ਤਾਂ ਖ਼ੈਰ ਕੀ ਲੈਣੇ ਸੀ, ਉਹਦੀ ਕਵਿਤਾ ਸੁਣੀ ਮੈਂ ਸਾਰੀ,
ਮਾੜੀ ਕਿਸਮਤ ਇੰਨੇ ਚਿਰ ਨੂੰ, ਆ ਗਈ ਨਵੀਂ ਸਵਾਰੀ।

ਆਪਣੀ ਕਵਿਤਾ ਬੋਲਣ ਲਈ ਜਦ, ਮੂੰਹ ਮੈਂ ਖੋਲ੍ਹਣ ਲੱਗਿਆ,
ਉਹ ਸਵਾਰੀ ਲੱਦ ਰਿਕਸ਼ੇ ’ਤੇ, ਛੱਡ ਕੇ ਮੈਨੂੰ ਭੱਜਿਆ।

ਆਖ਼ਰ ਨੂੰ ਮੈਂ ਕਵਿਤਾ ਆਪਣੀ ਇੱਕ ਅਖ਼ਬਾਰ ਨੂੰ ਘੱਲੀ,
ਉਹ ਤਾਂ ਆਖਰ ਛਾਪਣਗੇ ਹੀ, ਮਨ ਵਿੱਚ ਰੱਖ ਤਸੱਲੀ।

ਧੰਨਵਾਦ ਭਾਈ ਛਾਪਣ ਵਾਲਿਓ, ਅੱਜ ਢਿੱਡ ਘੱਟ ਹੀ ਬੋਲੇ,
ਕਵੀਆਂ ਦੇ ਦੁੱਖ ਕਵੀਆਂ ਬਾਝੋਂ, ਸਮਝਣ ਲੋਕ ਕੀ ਭੋਲੇ!
ਕਵੀਆਂ ਦੇ ਦੁੱਖ ਕਵੀਆਂ ਬਾਝੋਂ, ਸਮਝਣ ਲੋਕ ਕੀ ਭੋਲੇ!!

ਮਾਂ ਬੋਲੀ ਨੂੰ ਸਲਾਮ

ਸੱਤ ਸਮੁੰਦਰੋਂ ਪਾਰ ਵੀ ਹੇਕਾਂ ਲਾਉਂਦੇ ਜੋ,
ਜੁੱਗ-ਜੁੱਗ ਜਿਉਂਦੇ ਰਹਿਣ ਸਦਾ ਉਹ ਵੀਰ ਮੇਰੇ।
ਮਾਂ ਬੋਲੀਏ ਭੋਰਾ ਵੀ ਨਾ ਫਿਕਰ ਕਰੀਂ,
ਜਿਉਂਦੇ ਜੀਅ ਅਸੀਂ ਵਹਿਣ ਨੀਂ ਦਿੰਦੇ ਨੀਰ ਤੇਰੇ।

ਮਾਂ ਬੋਲੀ 'ਤੇ ਕਿਉਂ ਨਾ ਕੋਈ ਮਾਣ ਕਰੇ,
ਪੁੱਤ ਕਾਹਦਾ ਜੋ ਮਾਂਵਾਂ ਦਾ ਅਪਮਾਣ ਕਰੇ।
ਮਾਂ ਬੋਲੀ ਤਾਂ ਮਿੱਠੀ ਮਾਂ ਦੇ ਸ਼ੀਰ ਜਿਹੀ,
ਰੱਖ ਪਰਾਂ ਕੀ ਕਰਨੇ ਅਸੀਂ ਖ਼ਮੀਰ ਤੇਰੇ।
ਸੱਤ ਸਮੁੰਦਰੋਂ ਪਾਰ ਵੀ ਹੇਕਾਂ .....।

ਪੀਰ ਪੈਗੰਬਰਾਂ, ਗੁਰੂਆਂ ਦੀ ਤੂੰ ਜਾਈ ਹੈਂ,
ਸਭ ਧਰਮਾਂ, ਕੌਮਾਂ ਨੇ ਤੂੰ ਅਪਣਾਈ ਹੈਂ।
(ਮੈਨੂੰ) ਭਾਗਾਂ ਦੇ ਨਾਲ਼ ਜਨਮ ਤੇਰੇ ਘਰ ਮਿਲਿਆ ਹੈ,
ਮੈਂ ਹਿਕੜੀ ਲਾ ਰੱਖੇ ਸ਼ਬਦ ਅਮੀਰ ਤੇਰੇ।
ਸੱਤ ਸਮੁੰਦਰੋਂ ਪਾਰ ਵੀ ਹੇਕਾਂ .....।

ਤੇਰੇ ਕਰਕੇ ਅਕਲ, ਸਮਝ ਕੁਝ ਆਈ ਹੈ,
ਤੇਰੇ ਬਲ ਕਰਕੇ ਹੀ ਕਰੀ ਪੜ੍ਹਾਈ ਹੈ।
ਤੇਰੇ ਨਾਲ਼ ਹੀ ਪੰਜ-ਆਬਾਂ ਦੇ ਮਾਲਕ ਹਾਂ,
ਤੈਨੂੰ ਭੁੱਲ ਕੇ ਲੱਗਣ ਪੁੱਤ ਫ਼ਕੀਰ ਤੇਰੇ।
ਸੱਤ ਸਮੁੰਦਰੋਂ ਪਾਰ ਵੀ ਹੇਕਾਂ .....।

ਰਹਿੰਦੀ ਦੁਨੀਆ ਤੀਕਰ ਗੂੰਜਾਂ ਪੈਣਗੀਆਂ,
ਮਾਂ ਬੋਲੀ ਵਿਚ ਲੋਰੀਆਂ ਮਿਲ਼ਦੀਆਂ ਰਹਿਣਗੀਆਂ।
ਅਸੀਂ ਨੈੱਟ ਰਾਹੀਂ ਤੈਨੂੰ ਅੰਬਰਾਂ ਤੱਕ ਪੁਚਾਇਆ ਹੈ,
ਹੁਣ ਕਿਹੜਾ ਭੜੂਆ ਮਾਰੂ ਸੀਨੇ ਤੀਰ ਤੇਰੇ।
ਸੱਤ ਸਮੁੰਦਰੋਂ ਪਾਰ ਵੀ ਹੇਕਾਂ.....।

ਪੇਕੇ

ਬਾਬਲ ਹੁੰਦਿਆਂ ਘਰ ਹੁੰਦਾ ਸੀ, ਤੇਰੇ ਹੁੰਦਿਆਂ ਦਰ ਹੁੰਦਾ ਸੀ।
ਬਾਬਲ ਤੁਰ ਗਿਆ ਤੂੰ ਵੀ ਤੁਰ ਗਈ,
ਹੁਣ ਘਰ ਤੇ ਦਰ ਕਿਹੜੇ!
ਸਾਨੂੰ ਕੋਈ ਨਾ ਗ਼ਲ ਨਾਲ਼ ਲਾਵੇ, ਨਾ ਕੋਈ ਧੀਏ ਆਖ ਬੁਲਾਵੇ,
ਮਾਂਏ ਜਦ ਪਾਵਾਂ ਪੇਕੀਂ ਫੇਰੇ।

ਵੀਰੇ ਕੰਮਾਂ ਵਿਚ ਫਸੇ ਨੇ ਜਾਂ ਪਰਿਵਾਰਾਂ ਵਿਚ ਰਚੇ ਨੇ,
ਭੈਣਾਂ ਦੇ ਲਈ ਮਾਂਏ ਮੇਰੀਏ, ਕੀਹਦੇ ਕੋਲੇ ਵਕਤ ਬਚੇ ਨੇ।
ਕੌਣ ਕਿਸੇ ਦੇ ਦੁੱਖੜੇ ਸੁਣਦਾ, ਬਹਿ ਕੇ ਦੋ ਪਲ ਨੇੜੇ,
ਸਾਨੂੰ ਕੋਈ ਨਾ ਗ਼ਲ ਨਾਲ਼ ਲਾਵੇ.....।

ਤੂੜੀ ਵਾਲ਼ੇ ਕੋਠੇ ਦੇ ਵਿਚ ਚਰਖਾ ਮੇਰਾ ਡੱਕਿਆ,
ਦਿਲ ਕੀਤਾ ਤੇਰੇ ਗ਼ਲ ਲੱਗ ਰੋਵਾਂ, ਜਦੋਂ ਸੰਦੂਕ ਮੈਂ ਤੱਕਿਆ।
ਘਰ ਵੰਡਣ ਲਈ ਕੰਧ ਉਸਰ ਗਈ, ਹੈ ਨੀਂ ਨਿੰਮ ਹੁਣ ਵਿਹੜੇ,
ਸਾਨੂੰ ਕੋਈ ਨਾ ਗ਼ਲ ਨਾਲ਼ ਲਾਵੇ.....।

ਭਾਬੀਆਂ ਨੂੰ ਵੀ ਤਿਓ ਨੀਂ ਆਉਂਦਾ, ਕੋਈ ਨਾ ਹਸ ਬੁਲਾਵੇ,
ਚਾਹ ਪੀ ਕੇ ਹੀ ਵਾਪਸ ਮੁੜ ਜਾਏ, ਹਰ ਕੋਈ ਇਹੋ ਚਾਹਵੇ,
ਕਿਥੇ ਨੇ ਬਲਵਿੰਦਰਾ ਸਾਡੇ, ਹਾਸੇ, ਖ਼ੁਸ਼ੀਆਂ, ਖੇੜੇ ?
ਸਾਨੂੰ ਕੋਈ ਨਾ ਗ਼ਲ ਨਾਲ਼ ਲਾਵੇ.....।

ਲੋਕ ਤੱਥ

ਬਹੁਤੀ ਨਵੀਂ ਗੱਡੀ ਵਾਲ਼ੇ ਤੋਂ ਵੀ ਰਹੀਂ ਬਚ ਕੇ ਤੂੰ
ਕਿਉਂਕਿ ਉਹਦੇ ਵਿਚ ਬੰਦਾ ਅਨਜਾਣ ਬੈਠਾ ਹੋਵੇਗਾ।

ਮੰਡੀ ਵਿਚ ਬੈਠੇ ਫੁੱਫੇ, ਮਾਮੇ 'ਤੇ ਮਾਣ ਕਰੀਂ,
(ਸ਼ਾਇਦ) ਉਹਦੇ 'ਚ ਵਪਾਰੀ ਕੋਈ ਸ਼ੈਤਾਨ ਬੈਠਾ ਹੋਵੇਗਾ।

ਕਿਸੇ ਮਾੜੇ, ਮੰਗਤੇ, ਗ਼ਰੀਬ ਦੇ ਨਾ ਗਲ਼ ਪਈਏ,
ਖੌਰੇ ਕਿਥੇ, ਕਿਵੇਂ ਭਗਵਾਨ ਬੈਠਾ ਹੋਵੇਗਾ।

ਇਕ ਦੂਜੇ ਨਾਲ਼ ਕੋਈ ਲੜਦਾ ਨੀਂ ਚੁੱਪ ਸਾਰੇ,
ਘਰ 'ਚ ਜ਼ਰੂਰ ਮਹਿਮਾਨ ਬੈਠਾ ਹੋਵੇਗਾ।

ਪਿਆਰ ਨਾਲ਼ ਬੁਲਾਇਆਂ ਵੀ ਜੇ ਬੋਲਿਆ ਨਾ ਹੋਵੇ ਕੋਈ,
ਸੱਚੀਂ ਬੰਦਾ ਆਪਣੇ ਧਿਆਨ ਬੈਠਾ ਹੋਵੇਗਾ।

ਬਿਨਾਂ ਪ੍ਰਵਾਹ ਕੀਤੇ ਕਰੀ ਜਾਣ ਗੱਲਾਂ ਜਿਹੜੇ,
ਸਮਝੋ ਕਿ ਹਾਣ ਨਾਲ਼ ਹਾਣ ਬੈਠਾ ਹੋਵੇਗਾ।

ਅੱਜ ਦੇ ਜ਼ਮਾਨੇ ਵਿਚ ਲਵੇ ਨਾ ਜੋ ਸੇਵਾ-ਪਾਣੀ,
ਗੋਡੀਂ ਹੱਥ ਲਾਇਓ, ਇਨਸਾਨ ਬੈਠਾ ਹੋਵੇਗਾ।

ਜਿਥੇ ਹਾਸੇ ਕਿਲਕਾਰੀਆਂ ਦਾ ਪਿਆ ਘੜਮੱਸ ਹੋਵੇ,
ਸਮਝੋ ਕਿ ਟੋਲਾ ਕੋਈ ਜਵਾਨ ਬੈਠਾ ਹੋਵੇਗਾ।

ਨਾ ਸਿਰ ਉਤੇ ਟੋਪੀ, ਨਾ ਹੀ ਪੱਗ ਤੇ ਕਮੀਜ਼, ਪੈਂਟ
ਬੰਦਾ ਭਾਈ ਆਪਣੇ ਮਕਾਨ ਬੈਠਾ ਹੋਵੇਗਾ।

ਗੀਤਾਂ ਵਿਚੋਂ ਵਿਰਸੇ ਦੀ ਮਿੱਠੀ ਮਿੱਠੀ ਮਹਿਕ ਆਵੇ,
ਜ਼ਰੂਰ ਕਿਸੇ ਮਹਿਫ਼ਲ 'ਚ 'ਮਾਨ' ਬੈਠਾ ਹੋਵੇਗਾ।

ਜਦੋਂ ਕੁੱਜੀ ਵਿਚ ਹਾਥੀ ਪਾਉਣ ਵਾਲ਼ੀ ਕਰੇ ਜ਼ਿੱਦ ਕੋਈ,
ਤਾਂ ਸਮਝੋ ਕਿ ਬੰਦੇ 'ਚ ਨਿਆਣ ਬੈਠਾ ਹੋਵੇਗਾ।

ਸਾਗਰੋਂ ਪਾਰ ਦੀ ਧਰਤੀਏ

ਮਨ ਸਾਡੇ ਨੂੰ ਛਲਣੀ ਕਰਦੀ, ਜੇਬਾਂ ਪਰ ਨੋਟਾਂ ਨਾਲ਼ ਭਰਦੀ,
ਸਾਗਰੋਂ ਪਾਰ ਦੀ ਧਰਤੀਏ ਤੇਰੇ ਕੰਮ ਨਿਆਰੇ ਨੀਂ,
ਦੇ ਰੁਜ਼ਗਾਰ ਤੂੰ ਖੋਹ ਲਏ, ਸਾਡੇ ਪੁੱਤਰ ਪਿਆਰੇ ਨੀਂ।

ਕੁਦਰਤ ਨੇ ਤੈਨੂੰ ਖ਼ੂਬਸੂਰਤੀ, ਦਿੱਤੀ ਏ ਖੁਦ ਆ ਕੇ,
ਤੂੰ ਵੀ ਇਸ ਨੂੰ ਮਾਂ ਦੇ ਵਾਂਗੂੰ, ਸਾਂਭਿਆ ਏ ਹਿੱਕ ਲਾ ਕੇ।
ਤੇਰੇ ਜੰਨਤ ਵਰਗੇ ਸ਼ਹਿਰ ਤੇ ਬਾਗਾਂ ਵਰਗੇ ਕਿਆਰੇ ਨੀਂ,
ਦੇ ਰੁਜ਼ਗਾਰ ਤੂੰ ਖੋਹ ਲਏ, ਸਾਡੇ ਪੁੱਤਰ ਪਿਆਰੇ ਨੀਂ।

ਕੋਈ ਡਿਪਲੋਮਾ, ਕਿਸੇ ਨੇ ਡਿਗਰੀ, ਕੀਤੀਆਂ ਖ਼ੂਬ ਪੜ੍ਹਾਈਆਂ,
ਪਰ ਤੇਰੇ ਦਰ ਇਹ ਡਿਗਰੀਆਂ ਕਿਸੇ ਕੰਮ ਨਾ ਆਈਆਂ।
ਮਾਸਟਰ, ਥਾਣੇਦਾਰ ਖੜ੍ਹੇ, ਇੱਕ ਥਾਂ ਹੀ ਸਾਰੇ ਨੀਂ,
ਦੇ ਰੁਜ਼ਗਾਰ ਤੂੰ ਖੋਹ ਲਏ, ਸਾਡੇ ਪੁੱਤਰ ਪਿਆਰੇ ਨੀਂ।

ਘਰ ਵਿਚ ਹੁਕਮ ਚਲਾਉਂਦੇ ਸੀ ਜੋ, ਧੁੱਪ ਚੜ੍ਹੀ ਸੀ ਉੱਠਦੇ,
ਤੇਰੇ ਘਰ ਉਹ ਬਾਰਾਂ ਬਾਰਾਂ ਘੰਟੇ ਸਿਰ ਨਈਂ ਚੁੱਕਦੇ।
ਕਰਕੇ ਘਰ ਨੂੰ ਯਾਦ ਤੜਫਦੇ ਰਹਿਣ ਵਿਚਾਰੇ ਨੀਂ,
ਦੇ ਰੁਜ਼ਗਾਰ ਤੂੰ ਖੋਹ ਲਏ, ਸਾਡੇ ਪੁੱਤਰ ਪਿਆਰੇ ਨੀਂ।

ਆਪਣੀ ਹੀ ਧਰਤੀ 'ਤੇ ਜੇਕਰ ਸਭ ਨੂੰ ਕੰਮ ਧਿਆਵੇ,
ਕਿਉਂ ਕੋਈ ਬੰਦਾ ਖਰਚ ਕੇ ਲੱਖਾਂ, ਦੇਸ਼ ਬੇਗਾਨੇ ਜਾਵੇ।
ਕੋਈ ਕੋਠੀਆਂ ਛੱਡ, ਕਿਉਂ ਬੇਸਮੈਂਟਾਂ ਵਿਚ ਦਿਨ ਗੁਜ਼ਾਰੇ ਨੀਂ,
ਦੇ ਰੁਜ਼ਗਾਰ ਤੂੰ ਖੋਹ ਲਏ, ਸਾਡੇ ਪੁੱਤਰ ਪਿਆਰੇ ਨੀਂ।

ਕੰਮ ਦੇ ਪੱਖੋਂ ਫਿਰ ਵੀ ਮੈਨੂੰ ਲੱਗਦੀ ਏਂ ਤੂੰ ਪਿਆਰੀ,
ਮਿਹਨਤ ਦਾ ਮੁੱਲ ਦੇਣ ਤੋਂ, ਤੂੰ ਨਾ ਹੋਈ ਕਦੇ ਇਨਕਾਰੀ।
ਬਲਵਿੰਦਰ ਜਿਹੇ ਲੱਖਾਂ ਨੂੰ ਤੂੰ ਦਵੇਂ ਸਹਾਰੇ ਨੀਂ,
ਦੇ ਰੁਜ਼ਗਾਰ ਤੂੰ ਖੋਹ ਲਏ, ਸਾਡੇ ਪੁੱਤਰ ਪਿਆਰੇ ਨੀਂ।

ਜੱਟ ਰੇਹੜੀ ਉੱਤੇ

ਜੱਟ ਰੇਹੜੀ ਉੱਤੇ ਛੱਲੀਆਂ ਦਾ ਭਾਅ ਪੁੱਛਦਾ,
ਰਸ ਮਿਲਦਾ ਗੰਨੇ ਦਾ ਕਿਥੋਂ, ਰਾਹ ਪੁੱਛਦਾ।
ਪੈ ਕੇ ਝੋਨੇ ਪਿੱਛੇ ਆਪੇ ਇਹ ਤੈਂ ਛੇੜੀ ਏ ਬਲਾ,
ਲੈ ਲਾ ਮਿਲਦੀ ਜਿਵੇਂ ਦੀ ਕਾਹਦੀ ਕਰਦਾਂ ਸਲਾਹ।

ਦੋ ਕਿਲੋ ਮੂੰਗੀ, ਦੋ ਕਿਲੋ ਛੋਲਿਆਂ ਦੀ ਦਾਲ,
ਬੋਹਲ ਲਾਉਣ ਵਾਲਿਆਂ ਦਾ ਵੇਖੋ ਹੋਇਆ ਏ ਕੀ ਹਾਲ,
ਤੇਲ ਸਰੋਂ ਦਾ ਵੀ ਕਹਿੰਦਾ ਦੇ ਦੇ ਬੋਤਲ 'ਚ ਪਾ,
ਲੈ ਲਾ ਮਿਲਦੀ ਜਿਵੇਂ ਦੀ ਕਾਹਦੀ ਕਰਦਾਂ ਸਲਾਹ।

ਨਾ ਕੋਈ ਕੱਦੂਆਂ ਦੀ ਵੇਲ, ਨਾ ਕੋਈ ਮਿਰਚਾਂ-ਪਹਾੜੀ,
ਨਾ ਕੋਈ ਧਨੀਆ, ਪੁਦੀਨਾ, ਨਾ ਕੋਈ ਪਾਲਕ ਦੀ ਕਿਆਰੀ,
ਚਾਰ ਮਿਰਚਾਂ ਭਰਾਵਾਂ ਦੇਈਂ ਲਿਫ਼ਾਫ਼ੇ ਵਿਚ ਪਾ,
ਲੈ ਲਾ ਮਿਲਦੀ ਜਿਵੇਂ ਦੀ ਕਾਹਦੀ ਕਰਦਾਂ ਸਲਾਹ।

ਛੋਲੇ, ਫਲੀਆਂ, ਬਤਾਂਊਂ, ਨਿੰਬੂ ਕੋਈ ਨਾ ਉਗਾਵੇ,
ਕੱਚੀ ਅੰਬੀਆਂ ਦਾ 'ਚਾਰ ਬੁੱਢੀ ਬੇਬੇ ਕਿਥੋਂ ਪਾਵੇ,
ਮੁੱਲ ਮਿਲਦੇ ਮੁਰੱਬਿਆਂ ਦਾ ਥੋੜ੍ਹਾ ਚਿਰ ਚਾਅ,
ਲੈ ਲਾ ਮਿਲਦੀ ਜਿਵੇਂ ਦੀ ਕਾਹਦੀ ਕਰਦਾਂ ਸਲਾਹ।

ਥੈਲੀ ਆਟੇ ਦੀ ਲਿਆਵੇ, ਘਰ ਛਾਣਨਾ, ਨਾ ਛੱਜ,
ਪੜ੍ਹੀ-ਲਿਖੀ ਨੂੰ ਵੀ ਕਿਥੇ, ਪੀਹਣ ਕਰਨੇ ਦਾ ਚੱਜ,
ਰੋਟੀ ਛੇਤੀ ਸੁੱਕ ਜਾਂਦੀ, ਥੋੜ੍ਹੀ ਮੋਟੀ ਜਿਹੀ ਪਕਾ,
ਲੈ ਲਾ ਮਿਲਦੀ ਜਿਵੇਂ ਦੀ ਕਾਹਦੀ ਕਰਦਾਂ ਸਲਾਹ।

ਮਿੱਸੀ ਰੋਟੀ ਨਾਲ਼ ਲੱਸੀ, ਦਹੀਂ, ਮੱਖਣ ਦੇ ਛੰਨੇ,
ਪਾਵੇ ਉੱਤੇ ਰੱਖ ਪਿਆਜ਼, ਮੁੱਕੀ ਮਾਰ ਜੱਟ ਭੰਨੇ,
ਯਾਦਾਂ ਬੀਤੇ ਦੀਆਂ ਰਹੀਆਂ, ਹੁਣ ਹੱਟ ਨੂੰ ਸਤਾ,
ਲੈ ਲਾ ਮਿਲਦੀ ਜਿਵੇਂ ਦੀ ਕਾਹਦੀ ਕਰਦਾਂ ਸਲਾਹ।

ਚੀਜ਼ਾਂ ਹਟ ਗਏ ਉਗਾਉਣੋਂ, ਤਾਹੀਂਓਂ ਵਧੀ ਮਹਿੰਗਾਈ,
ਝੋਨੇ ਕਰਕੇ ਹੀ ਚਾਰੇ ਪਾਸੇ ਮੱਚੀ ਏ ਤਬਾਹੀ,
ਲਾਈ ਖੇਤਾਂ ਵਿਚ ਅੱਗ ਤਾਂਹੀਂਓਂ ਉਡਦੀ ਸੁਆਹ,
ਲੈ ਲਾ ਮਿਲ਼ਦੀ ਜਿਵੇਂ ਦੀ ਕਾਹਦੀ ਕਰਦਾਂ ਸਲਾਹ।

ਹਾਲ ਸ਼ਹਿਰੀਆਂ ਦਾ ਪੇਂਡੂਆਂ ਦੇ ਨਾਲ਼ੋਂ ਵੀ ਖ਼ਰਾਬ,
ਖੇਤਾਂ, ਟੋਭਿਆਂ, ਖੂਹਾਂ ਦੇ ਆਉਂਦੇ ਕਿਸੇ ਨੂੰ ਨਾ ਖ਼ਾਬ,
ਦਿੰਦੇ ਹਲ਼ ਤੇ ਪੰਜਾਲ਼ੀ ਅਜਾਇਬ ਘਰਾਂ 'ਚ ਵਿਖਾ,
ਲੈ ਲਾ ਮਿਲ਼ਦੀ ਜਿਵੇਂ ਦੀ ਕਾਹਦੀ ਕਰਦਾਂ ਸਲਾਹ।

ਅੰਨ ਦਾਤਿਆ ਤੈਂ ਲੋਕਾਂ ਨੂੰ ਸੀ ਰੱਜ ਕੇ ਖਵਾਉਣਾ,
ਪਰ ਪਤਾ ਨਈਂ ਸੀ ਵਕਤ ਇਹ ਤੇਰੇ 'ਤੇ ਵੀ ਆਉਣਾ,
ਕੰਡੇ ਬੀਜੇ ਹੋਏ ਚੁਗੀ ਚੱਲ ਆਪੇ ਤੂੰ ਭਰਾ,
ਲੈ ਲਾ ਮਿਲ਼ਦੀ ਜਿਵੇਂ ਦੀ ਕਾਹਦੀ ਕਰਦਾਂ ਸਲਾਹ।

ਕਿਥੋਂ ਚੱਲੇ ਸੀ ਤੇ ਕਿਥੇ ਜਾ ਕੇ ਰੁਕਣਾ ਏ ਭਾਈ,
ਪਾਣੀ ਧਰਤੀ ਦੇ ਹੇਠਲਾ ਕਿਉਂ ਜਾਂਦੇ ਹੋ ਮੁਕਾਈ,
ਕੀ ਹਟੋਂਗੇ ਉਦੋਂ ਹੀ ਜਦੋਂ ਸੁੱਕਿਆ ਗਲਾ?
ਲੈ ਲਾ ਮਿਲ਼ਦੀ ਜਿਵੇਂ ਦੀ ਕਾਹਦੀ ਕਰਦਾਂ ਸਲਾਹ।

ਸ਼ਹੀਦਾਂ ਦਾ ਸੁਨੇਹਾ

‘ਕੱਲੇ ਨਾਅਰਿਆਂ ਨਾਲ਼ ਬਣੂ ਕਿਵੇਂ ਗੱਲ ਜੀ,
ਪਊ ਲੱਭਣਾ ਸਮੱਸਿਆ ਦਾ ਹੱਲ ਜੀ।
ਸਾਡੇ ਬੁੱਤਾਂ ਉੱਤੇ ਹਾਰ ਪਾਉਣ ਵਾਲ਼ਿਓ,
ਸੋਚ ਸਾਡੀ ਕਿਉਂ ਨੀ ਅਪਣਾਉਂਦੇ?
ਮੇਰੇ ਦੇਸ਼ ਦੇ ਬਾਸ਼ਿੰਦੇ ਫ਼ੁੱਟਪਾਥਾਂ ਉੱਤੇ,
ਭੁੱਖੇ ਢਿੱਡ ਕਿਹੜੀ ਗੱਲੋਂ ਸੌਂਦੇ?

ਉਨ੍ਹਾਂ ਚੱਟਣੀ ਕੀ ਮੈਡਲਾਂ ਦੀ ਧਾਤ ਜੀ,
ਜਿਹੜੇ ਨੇਰ੍ਹਿਆਂ ’ਚ ਕੱਟਦੇ ਨੇ ਰਾਤ ਜੀ!
ਜਿਹੜੇ ਬੱਚਿਆਂ ਨੂੰ ਕਲਮਾਂ ਦੀ ਲੋੜ ਸੀ,
ਉਹ ਬੱਸਾਂ ਵਿਚ ਫਿਰਦੇ ਨੇ ਗਾਉਂਦੇ।
ਮੇਰੇ ਦੇਸ਼ ਦੇ ਬਾਸ਼ਿੰਦੇ ਫ਼ੁੱਟਪਾਥਾਂ ਉਤੇ,
ਭੁੱਖੇ ਢਿੱਡ ਕਿਹੜੀ ਗੱਲੋਂ ਸੌਂਦੇ?

ਅੰਨਦਾਤਾ ਕਿਹੜੀ ਗੱਲ ਤੋਂ ਨਿਰਾਸ਼ ਨੇ?
ਚੌਂਕਾਂ ਵਿਚ ਖੜ੍ਹੇ ਕਾਮੇ ਕਿਉਂ ਉਦਾਸ ਨੇ?
ਇਹ ਵੀ ਭਾਰਤ ਦੀ ਧਰਤੀ ਦੇ ਜਾਏ ਨੇ,
ਦਿਲ ਇਨ੍ਹਾਂ ਦੇ ਵੀ ਕੁੱਝ ਚਾਹੁੰਦੇ,
ਮੇਰੇ ਦੇਸ਼ ਦੇ ਬਾਸ਼ਿੰਦੇ ਫ਼ੁੱਟਪਾਥਾਂ ਉਤੇ,
ਭੁੱਖੇ ਢਿੱਡ ਕਿਹੜੀ ਗੱਲੋਂ ਸੌਂਦੇ?

ਪੈਸਾ ਦੇਸ਼ ਦਾ ਜੋ ਲੁੱਟ– ਲੁੱਟ ਖਾਂਦੇ ਨੇ,
ਸੇਵਾਦਾਰ ਕਿਉਂ ਉਹ ਖ਼ੁਦ ਨੂੰ ਕਹਾਉਂਦੇ ਨੇ?
ਜੋ ਨਿੱਤ ਭਰਮਾਂ ਦੀ ਨਵੀਂ ਹੱਟ ਖੋਲ੍ਹਦੇ,
ਪਾਬੰਦੀ ਉਨ੍ਹਾਂ ਉੱਤੇ ਕਿਉਂ ਨੀਂ ਲਾਉਂਦੇ?
ਮੇਰੇ ਦੇਸ਼ ਦੇ ਬਾਸ਼ਿੰਦੇ ਫ਼ੁੱਟਪਾਥਾਂ ਉਤੇ,
ਭੁੱਖੇ ਢਿੱਡ ਕਿਹੜੀ ਗੱਲੋਂ ਸੌਂਦੇ?

ਪਾੜੇ ਮਿਟ ਜਾਣ, ਹੋਣ ਸਾਰੇ ਇੱਕ ਜੀ,
ਇਹੋ ਵੇਖਣੇ ਦੀ ਸਾਨੂੰ ਬੜੀ ਸਿੱਕ ਜੀ।
ਜਿਹੜੇ ਸੁਪਨੇ ਲੈ ਕੇ ਸੀ ਜਾਨਾਂ ਵਾਰੀਆਂ,
ਉਹ ਸੱਚ ਹੋਏ ਕਿਤੇ ਨੀਂ ਧਿਆਉਂਦੇ!
ਮੇਰੇ ਦੇਸ਼ ਦੇ ਬਾਸ਼ਿੰਦੇ ਫ਼ੁੱਟਪਾਥਾਂ ਉਤੇ,
ਭੁੱਖੇ ਢਿੱਡ ਕਿਹੜੀ ਗੱਲੋਂ ਸੌਂਦੇ?

ਜੱਟ

ਮੰਦਾ ਬੋਲ ਕਦੇ ਨਾ ਬੋਲਾਂ, ਸੌਦਾ ਸੱਚ ਦਾ ਘੱਟ ਨਾ ਤੋਲਾਂ।
ਵੱਖਰੀ ਗੱਲ ਕਿ ਲੋਕਾਂ ਵਾਂਗੂੰ, ਟੱਲ ਖੜਕਾਉਂਦਾ ਨਈਂ,
ਮਹਿਕਾਂ ਫੁੱਲ ਉਗਾ ਕੇ ਵੰਡਦਾਂ,ਭਾਵੇਂ ਧੂਫ ਧੁਖਾਉਂਦਾ ਨਈਂ।

ਨਿੱਤ ਹੀ ਉੱਠ ਪਹਿਰ ਦੇ ਤੜਕੇ, ਪਰਨਾ ਮੋਢੇ ਉਪਰ ਧਰ ਕੇ,
ਨੱਕੇ ਮੋੜਾਂ ਠੰਢ, ਧੁੱਪ ਜਰਕੇ, ਕੰਮ ਤੋਂ ਜੀਅ ਚੁਰਾਉਂਦਾ ਨਈਂ,
ਮਹਿਕਾਂ ਫੁੱਲ ਉਗਾ ਕੇ ਵੰਡਦਾਂ,ਭਾਵੇਂ ਧੂਫ ਧੁਖਾਉਂਦਾ ਨਈਂ।

ਫਸਲਾਂ ਪੁੱਤਾਂ ਵਾਂਗੂੰ ਪਾਲ਼ਾਂ, ਵਿਹਲਾ ਬੈਠ ਸਰੀਰ ਨਾ ਗਾਲ਼ਾਂ,
ਪੈਸੇ ਵੱਟ ਕੇ ਮਾਰਾਂ ਛਾਲਾਂ, ਥਾਂ-ਥਾਂ ਹੱਥ ਫੈਲਾਉਂਦਾ ਨਈਂ,
ਮਹਿਕਾਂ ਫੁੱਲ ਉਗਾ ਕੇ ਵੰਡਦਾਂ,ਭਾਵੇਂ ਧੂਫ ਧੁਖਾਉਂਦਾ ਨਈਂ

ਸਿੱਧਾ ਸਾਦਾ ਪਿਆਰ ਅਸਾਡਾ,
ਨਾ ਕੋਈ ਕਰੀਏ ਝੂਠਾ ਵਾਅਦਾ,
ਰੱਖਾਂ ਪਰਬਤ ਵਾਂਗ ਇਰਾਦਾ, ਲਾ ਕੇ ਪਿੱਠ ਵਿਖਾਉਂਦਾ ਨਈਂ,
ਮਹਿਕਾਂ ਫੁੱਲ ਉਗਾ ਕੇ ਵੰਡਦਾਂ,ਭਾਵੇਂ ਧੂਫ ਧੁਖਾਉਂਦਾ ਨਈਂ।

ਜਾਨੋਂ ਵਧਕੇ ਖੇਤ ਪਿਆਰੇ, ਸਾਥੋਂ ਖੋਹਵੀਂ ਨਾ ਸਰਕਾਰੇ,
ਦੁਖੜੇ ਪੈ ਜਾਵਣਗੇ ਭਾਰੇ, ਮੈਂ ਝੂਠਾ ਹੀ ਕੁਰਲਾਉਂਦਾ ਨਈਂ,
ਮਹਿਕਾਂ ਫੁੱਲ ਉਗਾ ਕੇ ਵੰਡਦਾਂ,ਭਾਵੇਂ ਧੂਫ ਧੁਖਾਉਂਦਾ ਨਈਂ।

ਸਾਰੇ ਜੱਗ ਦੀ ਸੁੱਖ ਮਨਾਵਾਂ, ਭਰਨ ਭੰਡਾਰ ਸਦਾ ਇਹ ਚਾਹਵਾਂ,
ਰੱਜਣ ਲੋਕ ਤੇ ਮੈਂ ਵੀ ਖਾਵਾਂ, ਕਿਸੇ ਦਾ ਮਨ ਤੜਫਾਉਂਦਾ ਨਈ,
ਮਹਿਕਾਂ ਫੁੱਲ ਉਗਾ ਕੇ ਵੰਡਦਾਂ,ਭਾਵੇਂ ਧੂਫ ਧੁਖਾਉਂਦਾ ਨਈਂ।

ਫੌਜੀ ਵੀਰਾਂ ਦੇ ਨਾਮ

ਬਾਰਡਰਾਂ ਦੇ ਉੱਤੇ ਹਿੱਕਾਂ ਤਾਣ ਖੜ੍ਹਦੇ,
ਵੈਰੀਆਂ ਦੇ ਨਾਲ ਸ਼ੇਰਾਂ ਵਾਂਗੂੰ ਲੜਦੇ।
ਜਿਧਰ ਵੀ ਜਾਣ ਇਹੇ ਫੱਟੇ ਦਿੰਦੇ ਚੱਕ ਨੇ,
ਬਾਕੀ ਸਭ ਹੀਰੋ ਇਨ੍ਹਾਂ ਹੀਰਿਆਂ ਤੋਂ ਘੱਟ ਨੇ।

ਭਾਵੇਂ ਹੋਵੇ ਗਰਮੀ ਦੀ ਮਾਰ ਮਿੱਤਰੋ,
ਹੋਵੇ ਭਾਵੇਂ ਬਰਫਾਂ ਦੀ ਠਾਰ ਮਿੱਤਰੋ।
ਦਿਨ, ਰਾਤ ਇਨ੍ਹਾਂ ਦੇ ਲਈ ਇਕੋ ਵਰਗੇ,
ਹਰ ਵੇਲੇ ਤਿਆਰ-ਬਰ-ਤਿਆਰ ਮਿੱਤਰੋ।
ਵੈਰੀਆਂ ਦੇ ਸੁਪਨੇ ਨਾ ਹੋਣ ਦਿੰਦੇ ਸੱਚ ਨੇ,
ਬਾਕੀ ਸਭ ਹੀਰੋ ਇਨ੍ਹਾਂ ਹੀਰਿਆਂ ਤੋਂ ਘੱਟ ਨੇ।

ਭੀੜਾਂ ਵੇਲੇ ਦੁਖੀਆਂ ਦੇ ਨਾਲ ਖੜ੍ਹਦੇ,
ਕਦੇ ਅੱਗਾਂ, ਕਦੇ ਸਾਗਰਾਂ 'ਚ ਵੜਦੇ।
ਆਪਣਾ ਇਹ ਦੁੱਖ-ਸੁੱਖ ਪਿੱਛੋਂ ਦੇਖਦੇ,
ਪਹਿਲਾਂ ਇਹੇ ਔਕੜਾਂ ਦੇ ਨਾਲ ਲੜਦੇ।
ਫਰਜ਼ ਨਿਭਾਉਂਦੇ, ਨਾ ਜਿਤਾਉਂਦੇ ਬਹੁਤੇ ਹੱਕ ਨੇ,
ਬਾਕੀ ਸਭ ਹੀਰੋ ਇਨ੍ਹਾਂ ਹੀਰਿਆਂ ਤੋਂ ਘੱਟ ਨੇ।

ਬੰਬਾਂ ਤੇ ਬੰਦੂਕਾਂ ਨਾਲ ਨਿਭਾਉਣਾ ਜਾਣਦੇ,
ਇੱਕੀ ਦੇ 'ਕਵੰਜਾ ਵੀ ਇਹ ਪਾਉਣਾ ਜਾਣਦੇ।
ਤਲੀ ਉੱਤੇ ਰੱਖ ਸਦਾ ਸੀਸ ਚੱਲਦੇ,
ਦੇਸ਼ ਦੇ ਲਈ ਜਾਨ ਲੇਖੇ ਲਾਉਣਾ ਜਾਣਦੇ।
ਟੈਂਕਾਂ ਨੂੰ ਉਡਾਉਂਦੇ ਜਿਉਂ ਖਿਡਾਉਣੇ ਹੁੰਦੇ ਕੱਚ ਨੇ,
ਬਾਕੀ ਸਭ ਹੀਰੋ ਇਨ੍ਹਾਂ ਹੀਰਿਆਂ ਤੋਂ ਘੱਟ ਨੇ।

ਕਰੇ ਬਲਵਿੰਦਰ ਸਲਾਮ ਵੀਰਾਂ ਨੂੰ,
ਰੱਖੀਂ ਰੱਬਾ ਰਾਜ਼ੀ ਇਨ੍ਹਾਂ ਸੂਰਬੀਰਾਂ ਨੂੰ।
ਘਰ ਦੇ ਵੀ ਇਨ੍ਹਾਂ ਦੇ ਮਹਾਨ ਘੱਟ ਨਈਂ,
ਝੱਲਦੇ ਨੇ 'ਕੱਲੇ ਜਿਹੜੇ ਪਈਆਂ ਭੀੜਾਂ ਨੂੰ।
ਵਰਦੀ 'ਚ ਵੇਖੋ ਇਹੇ ਕਿੰਨੇ ਰਹੇ ਜਚ ਨੇ।
ਬਾਕੀ ਸਭ ਹੀਰੋ ਇਨ੍ਹਾਂ ਹੀਰਿਆਂ ਤੋਂ ਘੱਟ ਨੇ।

ਗ਼ਜ਼ਲ

ਜ਼ਿੰਦਗਾਨੀ ਨੇ ਕੀ-ਕੀ ਰੰਗ ਵਿਖਾਏ ਨੇ,
ਉਹ ਸਮਿਆਂ ਤੋਂ ਆਹ ਸਮੇਂ ਅੱਜ ਆਏ ਨੇ।

ਹੁੰਦੇ ਸੀ ਜੋ ਸੱਜੀਆਂ ਬਾਹਵਾਂ ਵੀਰ ਕਦੇ,
ਅੱਜ ਉਹ ਮਿਲ਼ਦੇ, ਮਿਲ਼ਦੇ ਜਿਵੇਂ ਪਰਾਏ ਨੇ।

ਕਿਥੇ ਨੇ ਉਹ ਵਾਅਦੇ, ਕੌਲ-ਕਰਾਰ ਤਿਰੇ,
ਸੁਪਨਿਆਂ ਦੇ ਘਰ ਇੱਕੋ ਝਟਕੇ ਢਾਏ ਨੇ।

ਗ਼ੈਰਾਂ ਨੂੰ ਪੁੱਤ ਸ਼ਰਬਤ ਵੰਡਦੇ ਫਿਰਦੇ ਨੇ,
ਮਾਪੇ ਘਰ ਵਿਚ ਬੈਠੇ ਭੁੱਖ-ਤਿਹਾਏ ਨੇ।

ਐਂਵੇਂ ਬਾਪੂ ਕਾਮਰੇਡੀ ਵਿਚ ਪਿਆ ਰਿਹਾ,
ਤਾਏ ਸਾਡੇ ਸਮੇਂ ਨਾਲ਼ ਰੰਗ ਵਟਾਏ ਨੇ।

ਲੱਗਦੈ ਨੇੜ ਭਵਿੱਖ ਵਿਚ ਵੋਟਾਂ ਪੈਣਗੀਆਂ,
ਪਿੰਡ ਮੇਰੇ ਵੱਲ ਲੀਡਰ ਜੋ ਚੱਲ ਆਏ ਨੇ।

ਧਰਮ ਕਰਮ ਦੇ ਨਾਂ 'ਤੇ ਚੱਲ ਵਪਾਰ ਪਏ,
ਲੀਡਰਾਂ ਵਾਂਗੂ ਬਾਬਿਆਂ ਢੌਂਗ ਰਚਾਏ ਨੇ।

ਪੀ.ਕੇ ਵਰਗੀਆਂ ਫ਼ਿਲਮਾਂ ਚਾਨਣ ਕਰਨੀਆਂ,
ਅੰਧ-ਵਿਸ਼ਵਾਸ ਨੇ ਜਿਹੜੇ ਨੇਰ੍ਹ ਫੈਲਾਏ ਨੇ।

ਕਿਰਤਾਂ ਸੱਚੀਆਂ ਸੁੱਚੀਆਂ ਜਿਹੜੇ ਕਰਦੇ ਨੇ,
ਉਨ੍ਹਾਂ ਨੇ ਕਦ ਹਵਾ 'ਚ ਨੋਟ ਉਡਾਏ ਨੇ।

ਉਹ ਕਿਉਂ ਰਾਤਾਂ ਫ਼ੁੱਟਪਾਥਾਂ 'ਤੇ ਕੱਟ ਰਹੇ,
ਉਹ ਵੀ ਤਾਂ ਇਸ ਭਾਰਤ ਮਾਂ ਦੇ ਜਾਏ ਨੇ।

ਉਹੀਓ ਜਾਨਣ ਹਿਜਰ, ਵਿਛੋੜੇ ਪੀੜਾਂ ਨੂੰ,
ਜਿਹਨਾਂ ਤਨ ਆਪਣੇ 'ਤੇ ਇਸ਼ਕ ਹੰਢਾਏ ਨੇ।

ਮੇਰੀ ਡਿਗਰੀ ਦਾ ਮੁੱਲ ਕੌਡੀ ਪਿਆ ਨਹੀਂ,
ਉਹਦੇ ਚਿਮਟੇ ਲੱਖਾਂ ਨੋਟ ਕਮਾਏ ਨੇ।

ਪਿੰਡ ਦੀ ਮਿੱਟੀ ਕਿਹੜਾ ਛੱਡਣੀ ਚਾਹੁੰਦਾ ਹੈ,
ਬੇਰੁਜ਼ਗਾਰੀ ਨੇ ਪ੍ਰਵਾਸ ਵਿਖਾਏ ਨੇ।

ਕਿਸ ਕੰਮ ਤੇਰੀ ਖੋਜ ਮਿਜ਼ਾਇਲਾਂ, ਬੰਬਾਂ ਦੀ,
ਭੁੱਖੇ ਪੇਟ ਨਾ ਤੈਥੋਂ ਗਏ ਰਜਾਏ ਨੇ।

ਸਾਹਿਤ ਸਾਗਰ ਦੀ ਸਮਝ ਕਿਥੇ ਬਲਵਿੰਦਰ ਨੂੰ,
ਬਸ ਵਲਵਲਿਆਂ ਨੇ ਇਹ ਸ਼ੇਅਰ ਲਿਖਵਾਏ ਨੇ।

ਤਸਵੀਰ

ਤਸਵੀਰ ਦੀ ਤਕਦੀਰ ਤਾਂ ਬੜੀ ਖ਼ੂਬ ਹੈ,
ਤਕਦੀਰ ਦੀ ਤਸਵੀਰ ਦਾ ਕਿਸ ਨੂੰ ਪਤਾ!
ਵੇਖ ਇਹ ਤਸਵੀਰ ਹੀ ਨਾ ਡੋਲ ਜੀਂ,
ਤਸਵੀਰਾਂ ਅਕਸਰ ਹੀ ਦਿੰਦੀਆਂ ਨੇ ਖਤਾ।

ਚਿਹਰਿਆਂ ਦਾ ਹੁਸਨ ਤਾਂ ਪਰੀਆਂ ਸਮਾਨ,
ਸੋਚ ਦੇ ਖੰਡਰ ਬਣੇ ਸਾਡੇ ਮਕਾਨ।
ਧਿਆਨ ਦੀ ਲਾ ਟਿਕਟਿਕੀ ਨਾ ਵੇਖ ਇਹ,
ਵਾਸਤਾ ਰੱਬ ਦਾ ਜ਼ਰਾ ਨਜ਼ਰਾਂ ਹਟਾ।
ਤਸਵੀਰ ਦੀ ਤਕਦੀਰ ਤਾਂ ਬੜੀ ਖ਼ੂਬ ਹੈ.....

ਹਸਦਿਆਂ ਬੁੱਲ੍ਹਾਂ 'ਤੇ ਹਾਸੇ ਵੇਖਦੈਂ,
ਸੋਚਦੈਂ ਜੰਨਤ ਹੈ ਮੱਥੇ ਟੇਕਦੈਂ।
ਕਦੇ ਜਾਣ ਟੁੱਟੇ ਦਿਲ ਦੀਆਂ ਵੀ ਦਾਸਤਾਂ,
ਜਾਨ ਇਹ ਜੱਗ ਦੇ ਜੰਜ਼ਾਲੀਂ ਨਾ ਫਸਾ।
ਤਸਵੀਰ ਦੀ ਤਕਦੀਰ ਤਾਂ ਬੜੀ ਖ਼ੂਬ ਹੈ.....

ਪ੍ਰੀਤ ਜੇ ਭਾਲੇਂ ਤੂੰ ਗੂੜੀ, ਮੀਤ ਸੰਗ,
ਉਸ ਖ਼ੁਦਾ ਤੋਂ ਬਸ ਤੂੰ ਸੱਚੀ ਨੀਤ ਮੰਗ।
ਨੂਰ ਇਹ, ਮਗਰੂਰ ਇਹ, ਚਾਹਤਾਂ, ਇਛਾਵਾਂ, ਮਾਲਕੀ,
ਆਉਂਦੀਆਂ ਇਹੋ ਨੇ ਬਣ ਬਣ ਕੇ ਬਲਾ,
ਤਸਵੀਰ ਦੀ ਤਕਦੀਰ ਤਾਂ ਬੜੀ ਖ਼ੂਬ ਹੈ,
ਤਕਦੀਰ ਦੀ ਤਸਵੀਰ ਦਾ ਕਿਸ ਨੂੰ ਪਤਾ!
ਵੇਖ ਇਹ ਤਸਵੀਰ ਹੀ ਨਾ ਡੋਲ ਜੀਂ,
ਤਸਵੀਰਾਂ ਅਕਸਰ ਹੀ ਦਿੰਦੀਆਂ ਨੇ ਖਤਾ।

ਨਾ ਹੱਟ ਵਿਕੇਂਦੀ ਅੱਖ ਵੇ

ਨਾ ਹੱਟ ਵਿਕੇਂਦੀ ਅੱਖ ਵੇ,
ਇਹਨੂੰ ਸਾਂਭ ਸਾਂਭ ਕੇ ਰੱਖ ਵੇ।
ਉਹਦੇ ਕਰ ਲੈ ਦਰਸ਼ ਦੀਦਾਰ ਤੂੰ,
ਜੀਹਦਾ ਇਸ 'ਤੇ ਅਸਲੀ ਹੱਕ ਵੇ।
ਨਾ ਹੱਟ ਵਿਕੇਂਦੀ ਅੱਖ ਵੇ.....।

ਇਹ ਨਾ ਬੈਟਰੀਆਂ ਨਾਲ਼ ਚੱਲਦੀ ਏ,
ਇਹਦੀ ਜੋਤੀ ਕੁਦਰਤ ਘੱਲਦੀ ਏ,
ਹੰਝੂ ਕੇਰੇ ਔਖੀ ਠੱਲ੍ਹਦੀ ਏ।
ਨਾ ਮਿਲ਼ੇ ਹਜ਼ਾਰੀਂ-ਲੱਖ ਵੇ,
ਨਾ ਹੱਟ ਵਿਕੇਂਦੀ ਅੱਖ ਵੇ.....।

ਇਹੇ ਨਾਜ਼ਕ ਅਤੇ ਮਲੂਕ ਜਿਹੀ,
ਕਿਸੇ ਹੀਰ-ਸੋਹਣੀ ਦੀ ਹੂਕ ਜਿਹੀ,
ਕਿਸੇ ਨਿੱਕੜੀ ਜਿੰਦ ਦੀ ਕੂਕ ਜਿਹੀ।
ਨਾ ਜਾਏ ਉਡੀਕੀਂ ਪੱਕ ਵੇ,
ਨਾ ਹੱਟ ਵਿਕੇਂਦੀ ਅੱਖ ਵੇ.....।

ਇਹ ਬਿਨ ਬੋਲੇ ਸਭ ਦੱਸਦੀ ਏ,
ਕਦੇ ਰੋਂਦੀ ਤੇ ਕਦੇ ਹੱਸਦੀ ਏ,
ਕਦੇ ਸਾਂਭੇ ਤੇ ਕਦੇ ਡੱਸਦੀ ਏ।
ਕਦੇ ਹੱਕ ਵਿਚ ਤੇ ਕਦੇ ਵੱਖ ਵੇ,
ਨਾ ਹੱਟ ਵਿਕੇਂਦੀ ਅੱਖ ਵੇ.....।

ਇਹਨੂੰ ਧੁੱਪ ਤੋਂ ਰੱਖ ਬਚਾ ਬੀਬਾ,
ਹੱਥ ਮੈਲ਼ੇ ਨਾ ਇਹਨੂੰ ਲਾ ਬੀਬਾ,
ਤਾਜ਼ੇ ਫਲ ਸਬਜ਼ੀਆਂ ਖਾ ਬੀਬਾ।
ਨਈਂ ਤਾਂ ਜਾਵੇਗੀ ਇਹ ਥੱਕ ਵੇ,
ਨਾ ਹੱਟ ਵਿਕੇਂਦੀ ਅੱਖ ਵੇ.....।

ਨਾ ਮੈਲ਼ੀ ਤੱਕਣੀ ਕਰ ਇਹਦੀ,
ਧਰ ਧਿਆਨ ਤੇ ਫੜ ਲੈ ਜੜ੍ਹ ਇਹਦੀ,
ਤੂੰ ਕਦੇ ਇਬਾਰਤ ਪੜ੍ਹ ਇਹਦੀ।
ਛੱਡ ਕਰਨੀਂ ਬਹੁਤੀ ਸ਼ੱਕ ਵੇ,
ਨਾ ਹੱਟ ਵਿਕੇਂਦੀ ਅੱਖ ਵੇ.....।

ਇਹ ਦਿਲ ਰੁਕਿਆਂ ਨਾ ਠਰਦੀ ਏ,
ਇਹ ਵਾਂਗ ਤੇਰੇ ਨਾ ਮਰਦੀ ਏ,
ਚਾਹੀਏ ਤਾਂ ਹੋਰ ਦੇ ਚੜ੍ਹਦੀ ਏ।
ਕਰ ਦਾਨ ਜਾਵੀਂ ਨਾ ਅੱਕ ਵੇ,
ਨਾ ਹੱਟ ਵਿਕੇਂਦੀ ਅੱਖ ਵੇ.....।

ਨਾ ਪੁੰਨ ਇਹਦੇ ਕੋਈ ਦਾਨ ਜਿਹਾ,
ਬਲਵਿੰਦਰਾ ਕਰੀਂ ਨਾ ਮਾਣ ਜਿਹਾ,
ਕੰਮ ਕਰ ਲੈ ਕੋਈ ਇਨਸਾਨ ਜਿਹਾ।
ਦੇ ਨ੍ਹੇਰ ਕਿਸੇ ਦੇ ਚੱਕ ਵੇ,
ਨਾ ਹੱਟ ਵਿਕੇਂਦੀ ਅੱਖ ਵੇ.....।

ਇਸ ਰੁੱਤੇ ਅਸੀਂ ਹੋਰ ਕੀ ਕਹਿਣਾ

ਰੱਬ ਵਰਗੇ ਯਾਰਾਂ ਲਈ ਸੁੱਖਾਂ,
ਮੰਗਦਿਆਂ ਮਿਟਦੀਆਂ ਨਈਂਓਂ ਭੁੱਖਾਂ,
ਦੱਸਿਆਂ ਕਿਹੜਾ ਘਟਣਾ ਦੁੱਖਾਂ।
ਮੁਸ਼ਕਲ ਰਜ਼ਾ 'ਚ ਰਹਿਣਾ,
ਇਸ ਰੁੱਤੇ ਅਸੀਂ ਹੋਰ ਕੀ ਕਹਿਣਾ!

ਦੰਗੇ, ਦਹਿਸ਼ਤ, ਖ਼ੂਨ-ਖਰਾਬਾ,
ਇਹਦਾ ਕਾਰਨ ਇੱਕ ਹੀ ਬਾਬਾ,
ਇੱਕ ਖਾਲੀ, ਇੱਕ ਡੁੱਲ੍ਹਦਾ ਛਾਬਾ।
ਔਖਾ ਪਾੜਾ ਸਹਿਣਾ,
ਇਸ ਰੁੱਤੇ ਅਸੀਂ ਹੋਰ ਕੀ ਕਹਿਣਾ!

ਲੋਕਤੰਤਰ ਨੇ ਲੋਕ ਹੀ ਮਾਰੇ,
ਸਿਆਸਤ ਦੇ ਤਾਂ ਵਾਰੇ-ਨਿਆਰੇ,
ਭਾਵੇਂ ਜਿੱਤੇ, ਭਾਵੇਂ ਹਾਰੇ।
ਰਾਜਿਆਂ ਵਰਗਾ ਰਹਿਣਾ,
ਇਸ ਰੁੱਤੇ ਅਸੀਂ ਹੋਰ ਕੀ ਕਹਿਣਾ!

ਰੱਬ ਦੇ ਭਗਤ ਵਪਾਰੀ ਬਣ ਗਏ,
ਮਨ ਛੱਡ, ਤਨ-ਲਲਾਰੀ ਬਣ ਗਏ,
ਨੈੱਟ-ਗੂਗਲ ਦੇ ਆੜੀ ਬਣ ਗਏ।
ਛੱਡਿਆ ਜੰਗਲੀਂ ਬਹਿਣਾ,
ਇਸ ਰੁੱਤੇ ਅਸੀਂ ਹੋਰ ਕੀ ਕਹਿਣਾ!

ਕੁੱਝ ਨਸ਼ਿਆਂ, ਕੁੱਝ ਬੇਰੁਜ਼ਗਾਰੀ,
ਰੁੱਤ ਜੋਬਨ ਦੀ ਖਾ ਲਈ ਸਾਰੀ,
ਖਲਕਤ ਫਿਰਦੀ ਮਾਰੀ ਮਾਰੀ।
(ਪਰ) ਕੀ ਸਰਕਾਰਾਂ ਲੈਣਾ,
ਇਸ ਰੁੱਤੇ ਅਸੀਂ ਹੋਰ ਕੀ ਕਹਿਣਾ!

ਢਿੱਡ ਵਿਚ ਜਦ ਭੁੱਖ ਦੀ ਹੂੰਜ ਵੱਜੇ,
ਕੋਈ ਪੱਛਮ, ਕੋਈ ਉੱਤਰ ਭੱਜੇ,
ਧਰਤ ਬੇਗਾਨੀ, ਚਿਹਰੇ ਬੱਗੇ।
ਪੈਰ ਪੈਰ 'ਤੇ ਢਹਿਣਾ,
ਇਸ ਰੁੱਤੇ ਅਸੀਂ ਹੋਰ ਕੀ ਕਹਿਣਾ।

ਨਾ ਖੁਦ ਨੂੰ ਖੁਦ ਮਾਰੋ ਭਾਈ,
ਬੁਜ਼ਦਿਲ ਦੀ ਕਦ ਬਣੀ ਖੁਦਾਈ,
ਨੱਪੋ ਜਿਸ ਨੇ ਦਸ਼ਾ ਬਣਾਈ।
ਪਹਿਨੋਂ ਹਿੰਮਤ ਗਹਿਣਾ,
ਇਸ ਰੁੱਤੇ ਅਸੀਂ ਹੋਰ ਕੀ ਕਹਿਣਾ।

ਵਿਗੜੇ ਹਾਲਾਤਾਂ ਦਾ ਦਰਦ

ਦਿਲ ਦੇ ਇਹ ਦਰਦਾਂ ਨੂੰ, ਦੱਸ ਕਿਵੇਂ ਘੱਟ ਮੈਂ ਕਰਾਂ,
ਕਿੱਥੇ ਕਿੱਥੇ ਸੇਕ ਦੇਵਾਂ ਸੱਜਣਾ, ਕਿੱਥੇ ਕਿੱਥੇ ਪੱਟੀਆਂ ਧਰਾਂ!

ਇਹ ਮੰਦਰ ਮੇਰਾ ਏ, ਇਹ ਮਸਜਿਦ ਮੇਰੀ ਏ,
ਜਿਥੇ ਵਾਹਿਗੁਰੂ ਵਸਦਾ ਨਈਂ, ਦੱਸ ਚਰਚ ਉਹ ਕਿਹੜੀ ਏ?
ਸਭ ਪੀਰ, ਫਕੀਰ ਮੇਰੇ, ਮੈਂ ਬਾਣੀ ਸਾਰਿਆਂ ਗ੍ਰੰਥਾਂ ਦੀ ਪੜ੍ਹਾਂ,
ਕਿੱਥੇ ਕਿੱਥੇ ਸੇਕ ਦੇਵਾਂ ਸੱਜਣਾ.....।

ਸਾਡੇ ਖ਼ੂਨ ਦਾ ਰੰਗ ਇਕੋ, ਇਕ ਧੜਕਣ ਸਭ ਦੀ ਏ,
ਜਿਸ ਸਦਕਾ ਸਾਹ ਚੱਲਦੇ, ਉਹ ਰੂਹ ਇੱਕ ਰੱਬ ਦੀ ਏ।
ਇੱਕ ਜੋਤ ਨੈਣੀਂ ਸਭ ਦੇ, ਮੈਂ ਕਿੰਝ ਨਫ਼ਰਤ ਅੱਖ ਭਰਾਂ,
ਕਿੱਥੇ ਕਿੱਥੇ ਸੇਕ ਦੇਵਾਂ ਸੱਜਣਾ.....।

ਸ਼ੈਤਾਨ ਦੀਆਂ ਚਾਲਾਂ, ਆ ਸਮਝ ਲਏ ਵੀਰ ਮੇਰੇ,
ਉਹਦੇ ਘਰ ਖ਼ੁਸ਼ੀਆਂ ਨੇ, ਸਾਡੇ ਸੱਥਰ ਵਿਚ ਵਿਹੜੇ।
ਆ ਗਲ ਲੱਗ ਮਿਲ ਲਈਏ, ਡਰ,ਸ਼ਿਕਵੇ ਛੱਡ ਪਰਾਂ,
ਕਿੱਥੇ ਕਿੱਥੇ ਸੇਕ ਦੇਵਾਂ ਸੱਜਣਾ.....।

ਸਾਡੀ ਧਰਤੀ-ਮਾਂ ਇੱਕ ਹੈ, ਅੰਬਰ ਵੀ ਇੱਕ ਸਾਡਾ,
ਨਫ਼ਰਤ ਦੀਆਂ ਕੰਧਾਂ ਨੂੰ, ਸੁੱਟਣ ਦਾ ਕਰ ਵਾਅਦਾ।
ਸਾਂਝਾਂ ਦੇ ਦੁਸ਼ਮਣ ਨੂੰ, ਰੱਖੀਏ ਨਾ ਸ਼ਹਿਰ, ਗਰਾਂ,
ਕਿੱਥੇ ਕਿੱਥੇ ਸੇਕ ਦੇਵਾਂ ਸੱਜਣਾ.....।

ਗਜ਼ਲ

ਆ ਵਿੱਦਿਆ ਨਾ਼ਲ ਮਨ ਦੇ ਦੀਵੇ ਬਾ਼ਲੀਏ।
ਨ਼ਫ਼ਰਤ, ਨਿੰਦਾ, ਚੁਗਲੀ, ਸਾੜਾ ਸਾੜੀਏ।

ਬੰਬਾਂ ਅਤੇ ਮਿਜ਼ਾਇਲਾਂ ਦੀ ਜਿੱਤ ਕੀ ਜਿੱਤਣੀ,
ਆ ਸੀਨੇ ਵਿਚ ਤੀਰ ਪਿਆਰ ਦਾ ਮਾਰੀਏ।

ਰੌ਼ਲਾ-ਗੌ਼ਲਾ, ਧੂੰਆਂ-ਧੂੜ ਦੀ ਘਾਟ ਨਹੀਂ,
ਸੁੱਚੀਆਂ ਫੂਕਾਂ ਮਾਰ ਆ ਗਹਿਰ ਉਤਾਰੀਏ।

ਲੱਖ ਸਿਕੰਦਰ ਦੁਨੀਆ ਜਿੱਤ ਜਿੱਤ ਤੁਰ ਗਏ ਨੇ,
ਆ ਦੁਨੀਆ ਦੀ ਜਿੱਤ ਲਈ ਆਪਾ ਵਾਰੀਏ।

ਪੱਤਰੇ ਪਾੜਿਆਂ ਕਦੇ ਫਿਲਾਸਫੀ ਮਰਦੀ ਨਈਂ,
ਆ ਅੱਖਰਾਂ ਸੰਗ ਸੋਚਾਂ ਹੋਰ ਨਿਖਾਰੀਏ।

ਪੀਰ, ਫ਼ਕੀਰ, ਗ੍ਰੰਥ, ਗੁਰੂ ਸਰਬੱਤ ਲਈ ਨੇ,
ਆ ਸਭਨਾਂ ਨੂੰ ਰ਼ਲ-ਮਿ਼ਲ ਕੇ ਸਤਿਕਾਰੀਏ।

ਕੀ ਸਾਗਰ, ਸਰਹੱਦਾਂ ਵੰਡੀਆਂ ਪਾਉਣਗੀਆਂ,
ਆ ਸਕਾਈਪ 'ਤੇ ਦੋ-ਚਾਰ ਗੱਲਾਂ ਮਾਰੀਏ।

ਉਸ ਇੱਕ ਦਾ ਸੰਸਾਰ ਇਹ ਖ਼ਲਕਤ ਸੱਜਣ ਜੀ,
ਆ ਹਰ ਜੀਵ ਨੂੰ ਸੱਚੇ ਮਨੋਂ ਪਿਆਰੀਏ।

ਬਲਵਿੰਦਰ ਦੀ ਗਜ਼ਲ ਕੁਆਰੀ ਬੰਦਸ਼ਾਂ ਤੋਂ,
ਦਿਲ ਦੀ ਗੱਲ ਨੂੰ ਦਿਲ ਦੇ ਨਾ਼ਲ ਵਿਚਾਰੀਏ।

ਸਿਰਨਾਵਾਂ

ਮੈਂ ਤਾਂ ਅੱਜ ਵੀ ਹਰ ਥੜਕਣ ਸੰਗ, ਤੰਦ ਯਾਦਾਂ ਦੇ ਪਾਵਾਂ,
ਕੀ ਹੋਇਆ ਜੇ ਤੈਥੋਂ ਭੁੱਲਿਆ, ਯਾਰ ਸਾਡਾ ਸਿਰਨਾਵਾਂ।

ਆਟਾ ਗੁੰਨ੍ਹਾ, ਜਦ ਵੀ ਬੁੜ੍ਹਕੇ, ਤੇਰੇ ਪੈਣ ਭੁਲੇਖੇ,
ਅੱਜ ਵੀ ਰੋਟੀ ਫੁੱਲ ਫੁੱਲ ਲਹਿੰਦੀ, ਜਦ ਵੀ ਤਵਾ ਤਪਾਵਾਂ।

ਹਿਜਰ ਦੀ ਮਹਿੰਦੀ ਤਲੀਏਂ ਲਾਈ, ਗ਼ਮ ਦਾ ਸੁਰਮਾ ਪਾਇਆ,
ਹੰਝੂਆਂ ਦੇ ਵਿਚ ਹਉਕੇ ਗੁੰਨ੍ਹ ਕੇ, ਚਿਹਰੇ ਲੇਪ ਲਗਾਵਾਂ।

ਕੀ-ਕੀ, ਕਿਸ ਨੂੰ ਖੋਲ੍ਹ ਕੇ ਦੱਸਾਂ, ਜਿੰਦ ਆਪਣੀ ਦੀਆਂ ਬਾਤਾਂ,
ਬੁੱਲ੍ਹੀਆਂ ਉਪਰ ਹਾਸੇ ਰੱਖ ਕੇ, ਦਿਲ ਦੇ ਦਰਦ ਛੁਪਾਵਾਂ।

ਪਤੈ ਮੈਨੂੰ ਜੇ ਨਾ ਵੀ ਬੋਲਾਂ, ਮਨ ਪੜ੍ਹਨਾ ਤੈਨੂੰ ਆਉਂਦੈ,
ਪਰ ਬਲਵਿੰਦਰਾ ਭੈੜੇ ਦਿਲ ਨੂੰ ਕਿੱਦਾਂ ਚੁੱਪ ਕਰਾਵਾਂ।

ਕੱਲ੍ਹ ਤੇਰੀ ਸੀ, ਅੱਜ ਤੇਰੀ ਹਾਂ, ਕੱਲ੍ਹ ਵੀ ਤੇਰੀ ਰਹਿਣਾ,
ਨਹੀਂ ਬਦਲਿਆ, ਨਈਂ ਬਦਲੇਗਾ, ਯਾਰ ਸਾਡਾ ਸਿਰਨਾਵਾਂ।

ਨੈਣ ਪਿਆਸੇ ਦੀਦ ਤੇਰੀ ਦੇ, ਦੇ ਦੀਦਾਰ ਪਿਆਰੇ,
ਹੋਰ ਤੇਰੇ ਤੋਂ ਕੋਈ ਨਾ ਮੰਗਾਂ, ਨਾ ਕੋਈ ਰੋਸ ਜਿਤਾਵਾਂ।

ਅੰਤਮ ਇੱਛਾ

ਜੇ ਪੁੱਛੋਂ ਮੇਰੀ ਅੰਤਮ ਇੱਛਾ, ਮੈਂ ਤਾਂ ਇਹੋ ਚਾਹਵਾਂ,
ਭਲਾ ਹੋਵੇ ਜੇ ਮਰ ਕੇ ਹੀ ਮੈਂ ਕੰਮ ਕਿਸੇ ਦੇ ਆਵਾਂ।

ਬਣਕੇ ਜੋਤ ਮੈਂ ਕਿਸੇ ਦੇ ਨੈਣੀਂ, ਜੱਗ ਉਹਦਾ ਰੁਸ਼ਨਾਵਾਂ।
ਕਿਸੇ ਦੇ ਜਿਸਮ ਲਈ ਗੁਰਦਾ ਬਣਕੇ, ਉਹਦੀ ਉਮਰ ਵਧਾਵਾਂ।

ਕਿਸੇ ਨੂੰ ਮੇਰੇ ਫੇਫੜਿਆਂ ਦੀਆਂ ਮੁਫਤੀ ਮਿਲਣ ਸੇਵਾਵਾਂ।
ਕਿਸੇ ਦਾ ਗੋਡਾ, ਕਿਸੇ ਦਾ ਮੋਢਾ, ਬਣ ਕੇ ਦਰਦ ਘਟਾਵਾਂ।

ਜੋ ਵੀ ਅੰਗ ਮੇਰਾ ਕੰਮ ਦਾ ਹੋਇਆ, ਉਹ ਸਭ ਵੰਡਣਾ ਚਾਹਵਾਂ।
ਬਾਕੀ ਦਾ ਮੈਂ ਹਸਪਤਾਲ ਦੀ ਮਿੱਟੀ ਵਿੱਚ ਰਲ ਜਾਵਾਂ।

ਇਹ ਇੱਛਾ ਮੈਂ ਹੱਥੀਂ ਲਿਖਕੇ, ਆਪਣੀ ਜੇਬ 'ਚ ਪਾਵਾਂ।
ਜਦ ਮਰਿਆ, ਛੱਡ ਆਇਓ ਮੈਨੂੰ ਡੀ.ਐੱਮ.ਸੀ. ਮੈਂ ਚਾਹਵਾਂ।

ਸਰੀਰ ਦਾਨ ਮੈਂ ਕਰ ਰੱਖਿਆ ਹੈ, ਮਰਨ ਦੇ ਮਗਰੋਂ ਭਾਈ।
ਮੇਰੀ ਖਾਤਰ ਕੋਈ ਨਾ ਰੋਵੇ ਵੀਰ, ਭੈਣ ਜਾਂ ਮਾਈ।

ਨਾ ਸਸਕਾਰ, ਮਕਾਣਾਂ, ਨਾ ਫੁੱਲ, ਨਾ ਕੋਈ ਭੋਗ ਨਾ ਬਾਰ੍ਹੇ।
ਜਿਸ ਦਿਨ ਮਰਿਆ ਓਸੇ ਹੀ ਦਿਨ, ਕੰਮ ਨਿਬੇੜਿਓ ਸਾਰੇ।

ਜਲਦੀ ਜਲਦੀ ਚੁੱਕ ਕੇ ਮੈਨੂੰ, ਡਾਕਟਰਾਂ ਪਾਸ ਪੁਚਾਇਓ।
ਬਸ ਇਹ ਮੇਰੀ ਅੰਤਿਮ ਇੱਛਾ, ਇਸ ਨੂੰ ਜ਼ਰੂਰ ਪੁਗਾਇਓ।

ਕੁੱਲ ਅੱਖਰ 81046, ਸ਼ਬਦ 19650